@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 15 June 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 15 ਜੂਨ 2024, 1 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 207, qpatrika@gmail.com ਫੋਨ : 9971359517 www.qaumipatrika.org

ਉੱਤਰਾਖੰਡ 'ਚ ਜੰਗਲ ਦੀ ਅੱਗ ਨਾਲ 4 ਜੰਗਲਾਤ ਮੁਲਾਜਮ ਜਿੰਦਾ ਸੜੇ

ਅਲਮੋੜਾ, 14 ਜੂਨ। ਉੱਤਰਾਖੰਡ 'ਚ ਜੰਗਲ ਦੀ ਅੱਗ ਜਾਨਲੇਵਾ ਸਾਬਤ ਹੋ ਰਹੀ ਹੈ। ਵੀਰਵਾਰ ਦੁਪਹਿਰ ਨੂੰ ਅਲਮੋੜਾ ਜ਼ਿਲੇ ਦੇ ਬਿਨਸਰ ਦੇ ਜੰਗਲ 'ਚ ਲੱਗੀ ਅੱਗ ਨੂੰ ਬੁਝਾਉਣ ਲਈ ਗਏ ਜੰਗਲਾਤ ਵਿਭਾਗ ਦੇ 4 ਮੁਲਾਜਮ ਅੱਗ ਦੀ ਲਪੇਟ 'ਚ ਆ ਕੇ ਜ਼ਿਦਾ ਸੜ ਗਏ। ਜਾਣਕਾਰੀ ਅਨੁਸਾਰ ਬਿਨਸਰ ਦੇ ਜੰਗਲ 'ਚ ਵੀਰਵਾਰ ਦੁਪਹਿਰ ਅੱਗ ਲੱਗ ਗਈ। ਸੂਚਨਾ 'ਤੇ ਲੱਗਭਗ ਦੁਪਹਿਰ 2:30 ਵਜੇ ਜੰਗਲਾਤ ਵਿਭਾਗ ਦੇ 8 ਮੁਲਾਜਮ ਅੱਗ ਬੁਝਾਉਣ ਗਏ ਸਨ। ਟੀਮ ਨੂੰ ਅੱਗ ਬੁਝਾਉਣ ਲਈ ਢਲਾਨ ਤੋਂ ਹੇਠਾਂ ਜਾਣਾ ਪਿਆ। ਇਸ ਦੌਰਾਨ ਅੱਗ ਨੇ ਵਿਕਰਾਲ ਰੂਪ ਲੈ ਲਿਆ ਸੀ ਪਰ ਪਹਾੜ ਉੱਤੇ ਤਿੱਖੀ ਚੜ੍ਹਾਈ ਹੋਣ ਕਾਰਨ ਮੁਲਾਜਮ ਉੱਪਰ ਨਹੀਂ ਪਹੁੰਚ ਸਕੇ ਅਤੇ ਉਹ ਅੱਗ ਦੀ ਲਪੇਟ 'ਚ ਆ ਗਏ। ਅੱਗ ਦੀ ਲਪੇਟ 'ਚ ਆਉਣ ਕਾਰਨ 4 ਮੁਲਾਜਮਾਂ ਦੀ ਮੌਤ ਹੋ ਗਈ ਅਤੇ 4 ਹੋਰ ਝੁਲਸ ਗਏ।

ਲੋਕ ਸਭਾ ਸਪੀਕਰ ਨੂੰ ਲੈ ਕੇ ਸਸਪੈਂਸ ਖਤਮ, 26 ਜੂਨ ਨੂੰ ਹੋਵੇਗੀ ਚੋਣ

ਨਵੀਂ ਦਿੱਲੀ, 14 ਜੂਨ। ਲੋਕ ਸਭਾ 26 ਜੂਨ ਨੂੰ ਆਪਣੇ ਨਵੇਂ ਸਪੀਕਰ ਦੀ ਚੋਣ ਕਰੇਗੀ। ਸਦਨ ਦੇ ਮੈਂਬਰ ਉਮੀਦਵਾਰਾਂ ਦੇ ਸਮਰਥਨ 'ਚ ਪ੍ਰਸਤਾਵ ਲਈ ਇਕ ਦਿਨ ਪਹਿਲਾਂ ਦੁਪਹਿਰ 12 ਵਜੇ ਤਕ ਨੋਟਿਸ ਦੇ ਸਕਦੇ ਹਨ। ਲੋਕ ਸਭਾ ਸਕੱਤਰੇਤ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। 18ਵੀਂ ਲੋਕ ਸਭਾ ਦੀ ਪਹਿਲੀ ਬੈਠਕ 24 ਜੂਨ ਨੂੰ ਹੋਵੇਗੀ ਅਤੇ ਸੈਸ਼ਨ 3 ਜੁਲਾਈ ਨੂੰ

ਖਤਮ ਹੋਵੇਗਾ। ਲੋਕ ਸਭਾ ਵੱਲੋਂ ਜਾਰੀ ਇਕ ਬੁਲੇਟਿਨ ਵਿਚ ਕਿਹਾ ਗਿਆ ਹੈ ਕਿ ਸਪੀਕਰ ਦੀ ਚੋਣ ਲਈ ਤੈਅ ਮਿਤੀ ਤੋਂ ਇਕ ਦਿਨ ਪਹਿਲਾਂ ਦੁਪਹਿਰ 12 ਵਜੇ ਤੋਂ ਪਹਿਲਾਂ ਕੋਈ ਵੀ ਮੈਂਬਰ ਸਪੀਕਰ ਦੇ ਅਹੁਦੇ ਲਈ ਕਿਸੇ ਹੋਰ ਮੈਂਬਰ ਦੇ ਸਮਰਥਨ 'ਚ ਪ੍ਰਸਤਾਵ ਲਈ ਜਨਰਲ ਸਕੱਤਰ ਨੂੰ ਲਿਖਤੀ ਰੂਪ 'ਚ ਨੋਟਿਸ ਦੇ ਸਕਦਾ ਹੈ।

ਅਜੀਤ ਡੋਭਾਲ ਨੂੰ ਮਿਲਿਆ ਐਕਸਟੈਂਸ਼ਨ

ਨਵੀਂ ਦਿੱਲੀ , 14 ਜੂਨ। ਅਜੀਤ ਡੋਭਾਲ ਰਾਸਟਰੀ ਸੁਰੱਖਿਆ ਸਲਾਹਕਾਰ () ਬਣੇ ਰਹਿਣਗੇ। ਇਹ ਉਨ੍ਹਾਂ ਦਾ ਤੀਜਾ ਕਾਰਜਕਾਲ ਹੋਵੇਗਾ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 2014 ਵਿੱਚ ਅਜੀਤ ਡੋਵਾਲ ਨੂੰ ਰਾਸਟਰੀ ਸੁਰੱਖਿਆ ਸਲਾਹਕਾਰ ਬਣਾਇਆ ਗਿਆ ਸੀ। ਇਸ ਤੋਂ ਬਾਅਦ 2019 ਵਿੱਚ ਵੀ ਉਨ੍ਹਾਂ ਦਾ ਕਾਰਜਕਾਲ ਬਰਕਰਾਰ ਰਿਹਾ। ਜੰਮੂ-ਕਸਮੀਰ 'ਚ ਧਾਰਾ 370 ਨੂੰ ਹਟਾਉਣ 'ਚ ਅਜੀਤ ਡੋਭਾਲ ਦੀ ਵੱਡੀ ਭੂਮਿਕਾ ਰਹੀ ਹੈ। ਇਸ ਤੋਂ ਇਲਾਵਾ ਪੀਕੇ ਮਿਸਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਮੁੱਖ ਸਕੱਤਰ ਬਣੇ ਰਹਿਣਗੇ। ਤੁਹਾਨੂੰ ਦੱਸ ਦੇਈਏ ਕਿ ਨਰਿੰਦਰ ਮੋਦੀ ਨੇ ਐਤਵਾਰ ਯਾਨੀ 09 ਜੂਨ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਹੈ।

ਜੀ-7 ਸੰਮੇਲਨ 'ਚ ਇਟਲੀ ਦੀ ਪ੍ਰਧਾਨ ਮੰਤਰੀ ਮੈਲੋਨੀ ਨੇ ਪ੍ਰਧਾਨ ਮੰਤਰੀ ਮੋਦੀ ਦਾ ਨਮਸਤੇ ਕਰਕੇ ਕੀਤਾ ਸਵਾਗਤ

ਸਿੰਮੀ ਕੌਰ ਬੱਬਰ

ਇੰਟਰਨੈਸ਼ਨਲ ਡੈਸਕ 14 ਜੂਨ। ਸ਼ੁੱਕਰਵਾਰ ਨੂੰ ਜੀ7 ਸ਼ਿਖਰ ਸੰਮੇਲਨ ਦਾ ਦੂਜਾ ਦਿਨ ਹੈ। ਸੰਮੇਲਨ ਦਾ ਆਯੋਜਨ ਇਟਲੀ 'ਚ ਹੋ ਰਿਹਾ ਹੈ। ਦੂਜੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਲੋਬਲ ਨੇਤਾਵਾਂ ਨਾਲ ਮੁਲਾਕਾਤ ਕੀਤੀ। ਗਲੋਬਲ ਨੇਤਾਵਾਂ ਨਾਲ ਮੁਲਾਕਾਤ ਕਰਦੇ ਹੋਏ ਪੀ.ਐੱਮ. ਮੋਦੀ ਨੇ ਅੱਜ ਇਟਲੀ ਦੀ ਪ੍ਰਧਾਨ ਮੰਤਰੀ ਅਤੇ ਜੀ7 ਸ਼ਿਖਰ ਸੰਮੇਲਨ ਦੀ ਮੇਜਬਾਨ ਜਾਰਜੀਆ ਮੈਲੋਨੀ ਨਾਲ ਮੁਲਾਕਾਤ ਕੀਤੀ। ਖਾਸ ਗੱਲ ਇਹ ਹੈ ਕਿ ਇਟਲੀ ਦੀ ਪੀ.ਐੱਮ. ਨੇ ਭਾਰਤੀ ਅੰਦਾਜ 'ਚ ਨਮਸਤੇ ਕਰਕੇ ਪੀ.ਐੱਮ. ਮੋਦੀ ਦਾ ਸਵਾਗਤ ਕੀਤਾ। ਭਾਰਤ ਜੀ7 ਸਮੂਹ ਦਾ ਮੈਂਬਰ ਦੇਸ਼ ਨਹੀਂ ਹੈ ਪਰ ਇਟਲੀ ਦੀ ਪੀ.ਐੱਮ. ਮੈਲੋਨੀ ਨੇ ਪੀ.ਐੱਮ. ਮੋਦੀ ਨੂੰ ਖਾਸ ਮਹਿਮਾਨ ਦੇ ਰੂਪ 'ਚ ਸੱਦਾ ਦਿੱਤਾ ਹੈ। ਮੀਡੀਆ ਰਿਪੋਰਟਾਂ ਮੁਤਾਬਕ,

ਦੋਵਾਂ ਦੇਸ਼ਾਂ ਦੇ ਦੋ-ਪੱਖੀ ਰਿਸ਼ਤੇ ਕਾਫੀ ਮਜਬੂਤ ਹਨ। ਮੈਲੋਨੀ ਨੂੰ ਅੱਜ ਦੁਨੀਆ ਜਿਸ ਨਜਰੀਏ ਨਾਲ ਦੇਖ ਰਹੀਹੈ। ਇਥੋਂ ਤਕ ਉਹ ਰਾਤੋ-ਰਾਤ ਨਹੀਂ ਪਹੁੰਚੀ। ਉਨ੍ਹਾਂ ਦੇ 2022 'ਚ ਇਟਲੀ ਦੀ ਪ੍ਰਧਾਨ ਮੰਤਰੀ ਅਹੁਦੇ ਦੇ ਕਾਬਿਜ ਹੋਣ ਤੋਂ ਬਾਅਦ ਕਈ ਲੋਕਾਂ ਨੇ ਉਨ੍ਹਾਂ ਦੀ ਬ੍ਦਰਜ ਆਫ ਇਟਲੀ ਪਾਰਟੀ ਦੇ ਨਵ-ਫਾਸੀਵਾਦੀ ਇਤਿਹਾਸ ਨੂੰ ਲੈ ਕੇ ਫਿਕਰ ਜਤਾਈ ਸੀ ਪਰ ਮੈਲੋਨੀ ਨੇ ਆਪਣੇ ਗਲੋਬਲੀ ਅਕਸ ਨੂੰ ਸੰਵਾਰਨ 'ਚ ਕਸਰ ਨਹੀਂ ਛੱਡੀ। ਉਨ੍ਹਾਂ ਨੇ ਆਪਣੇ ਵਿਰੋਧੀਆਂ ਨੂੰ ਸ਼ਾਂਤ ਹੀ ਨਹੀਂ ਕੀਤਾ ਸਗੋਂ ਤਾਕਤਵਰ ਮੁਲਕ ਅਮਰੀਕਾ ਦੇ ਜੋਅ ਬਾਈਡੇਨ ਅਤੇ ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਯੇਨ ਵਰਗੇ ਗਲੋਬਲ ਨੇਤਾਵਾਂ ਦੇ ਨਾਲ ਆਪਣੇ ਰਿਸ਼ਤੇ ਹੋਰ ਪੱਕੇ ਕੀਤੇ।

ਪਾਣੀ ਦਾ ਉਤਪਾਦਨ ਲਗਾਤਾਰ ਘੱਟ ਰਿਹਾ ਹੈ, ਦਿੱਲੀ ਜਲ ਸੰਕਟ ਨਾਲ ਜੂਝ ਰਹੀ ਹੈ : ਆਤਿਸ਼ੀ

ਨਵੀਂ ਦਿੱਲੀ 14 ਜੂਨ। ਦਿੱਲੀ ਸਰਕਾਰ 'ਚ ਜਲ ਮੰਤਰੀ ਆਤਿਸ਼ੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਯਮੁਨਾ ਦਾ ਪਾਣੀ ਘੱਟ ਪਹੁੰਚਣ ਨਾਲ ਦਿੱਲੀ 'ਚ ਲਗਾਤਾਰ ਪਾਣੀ ਦਾ ਉਤਪਾਦਨ ਘੱਟ ਰਿਹਾ ਹੈ। ਆਮ ਆਦਮੀ ਪਾਰਟੀ (ਆਪ) ਹਰਿਆਣਾ 'ਤੇ ਦਿੱਲੀ ਦੇ ਹਿੱਸੇ ਦਾ ਪਾਣੀ ਨਹੀਂ ਛੱਡਣ ਦਾ ਦੋਸ਼ ਲਗਾ ਰਹੀ ਹੈ। ਆਤਿਸ਼ੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਯਮੁਨਾ ਦਾ ਪਾਣੀ ਘੱਟ ਪਹੁੰਚਣ ਨਾਲ ਦਿੱਲੀ 'ਚ ਲਗਾਤਾਰ ਪਾਣੀ ਦੀ ਉਤਪਾਦਨ ਘੱਟ ਰਿਹਾ ਹੈ। ਆਮ ਸਥਿਤੀ 'ਚ ਦਿੱਲੀ 'ਚ 1005 ਐੱਮ.ਜੀ.ਡੀ. (10 ਲੱਖ ਗੈਲਨ ਪ੍ਰਤੀ ਦਿਨ) ਪਾਣੀ ਦਾ

ਉਤਪਾਦਨ ਹੁੰਦਾ ਹੈ ਪਰ ਪਿਛਲੇ ਇਕ ਹਫਤੇ ਤੋਂ ਇਹ ਲਗਾਤਾਰ ਘੱਟ ਰਿਹਾ ਹੈ।" ਉਨ੍ਹਾਂ ਕਿਹਾ,"ਉਤਪਾਦਨ ਘੱਟ ਹੋਣ ਨਾਲ, ਦਿੱਲੀ ਦੇ ਕਈ ਹਿੱਸਿਆਂ 'ਚ ਪਾਣੀ ਦੀ ਘਾਟ ਹੈ। ਸਾਰਿਆਂ ਨੂੰ ਅਪੀਲ ਹੈ ਕਿ ਪਾਣੀ ਦਾ ਪ੍ਰਯੋਗ ਬਹੁਤ ਕਿਫਾਇਤੀ ਤਰੀਕੇ ਨਾਲ ਕਰੋ।" ਮੰਤਰੀ ਨੇ ਕੁਝ ਅੰਕੜੇ ਸਾਂਝੇ ਕਰਦੇ ਹੋਏ ਕਿਹਾ ਕਿ 6 ਜੂਨ ਨੂੰ ਪਾਣੀ ਦਾ ਉਤਪਾਦਨ 1002 ਐੱਮ.ਜੀ.ਡੀ. ਸੀ, ਜੋ ਅਗਲੇ ਦਿਨ ਯਾਨੀ 7 ਜੂਨ ਨੂੰ 993 ਐੱਮ.ਜੀ.ਡੀ. ਅਤੇ 8 ਜੂਨ ਨੂੰ 990, 9 ਜੂਨ ਨੂੰ 978 ਐੱਮ.ਜੀ.ਡੀ., 10 ਜੂਨ ਨੂੰ 958 ਐੱਮ.ਜੀ.ਡੀ., 11 ਜੂਨ ਨੂੰ 919, 12 ਜੂਨ ਨੂੰ 951 ਅਤੇ 13 ਜੂਨ ਨੂੰ 939 ਐੱਮ.ਜੀ.ਡੀ. ਰਹਿਹਿ ਗਿਆ।

ਕੀ ਮੋਹਨ ਭਾਗਵਤ ਵਲੋਂ ਮਣੀਪੁਰ ਨੂੰ ਲੈ ਕੇ ਦਿੱਤਾ ਗਿਆ ਹੈ ਭੜਕਾਊ ਬਿਆਨ?

ਏਜੰਸੀਆਂ

ਨਵੀਂ ਦਿੱਲੀ , 14 ਜੂਨ। ਕੇਂਦਰ 'ਚ ਰਾਸਟਰੀ ਲੋਕਤੰਤਰੀ ਗਠਜੋੜ (ਐੱਨ. ਡੀ. ਏ.) ਦੀ ਸਰਕਾਰ ਬਣਨ ਤੋਂ ਬਾਅਦ ਰਾਸਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਦੇ ਨਾਂ ਦੀ ਇਕ ਪੋਸਟ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਮੋਹਨ ਭਾਗਵਤ ਨੇ ਕਿਹਾ ਹੈ ਕਿ ਮਣੀਪੁਰ 'ਚ 10 ਸਾਲ ਤੱਕ ਸਾਂਤੀ ਰਹੀ ਪਰ ਮੋਦੀ ਸਰਕਾਰ ਬਣਨ ਤੋਂ ਬਾਅਦ ਉੱਥੇ ਹਿੰਸਾ ਭੜਕ ਗਈ। ਵਿਸਵਾਸ ਨਿਊਜ ਨੇ ਆਪਣੀ ਜਾਂਚ 'ਚ ਪਾਇਆ ਕਿ ਮੋਹਨ ਭਾਗਵਤ ਦੇ ਮਣੀਪੁਰ ਸਬੰਧੀ ਬਿਆਨ ਨੂੰ ਤੋੜ-ਮਰੋੜ ਕੇ ਵਾਇਰਲ ਕੀਤਾ ਜਾ ਰਿਹਾ ਹੈ। ਮੋਹਨ ਭਾਗਵਤ ਨੇ ਆਪਣੇ ਬਿਆਨ 'ਚ ਯਕੀਨੀ ਤੌਰ 'ਤੇ ਇਸ ਸਮੱਸਿਆ ਵੱਲ ਧਿਆਨ ਦੇਣ ਦੀ ਗੱਲ ਕਹੀ ਹੈ। ਫੇਸਬੁੱਕ ਯੂਜਰ ਸੁਨੀਲ ਯਾਦਵ (ਆਰਕਾਈਵ ਲਿੰਕ) ਨੇ ਪੋਸਟ ਵਿੱਚ ਲਿਖਿਆ, 10 ਸਾਲ ਪਹਿਲਾਂ ਮਣੀਪੁਰ 'ਚ ਸਾਂਤੀ ਸੀ, ਮੋਦੀ ਸਰਕਾਰ ਬਣਨ ਤੋਂ ਬਾਅਦ ਹਿੰਸਾ 'ਚ ਅਚਾਨਕ ਵਾਧਾ ਹੋਇਆ - ਆਰ. ਐੱਸ. ਐੱਸ. ਮੁਖੀ ਮੋਹਨ ਭਾਗਵਤ। ਚੋਣ ਨਤੀਜਿਆਂ ਤੋਂ ਬਾਅਦ ਹੁਣ ਤੱਕ ਆਰ. ਐੱਸ. ਐੱਸ. ਮੁਖੀ ਡੂੰਘੀ ਨੀਂਦ 'ਚ ਸੀਨ ਅਤੇ ਐੱਨ. ਡੀ. ਏ. ਸਰਕਾਰ ਦੇ ਗਠਨ ਤੋਂ

ਬਾਅਦ ਆਪਣਾ ਮੂੰਹ ਖੋਲ੍ਹਿਆ ਹੈ। ਉਹ ਆਰ. ਐੱਸ. ਐੱਸ. ਦੇ ਆਖਰੀ ਰਾਜਾ ਹਨ। ਐੱਨ. ਐੱਸ. ਜੀ. ਨੂੰ ਪਹਿਲੀ ਵਾਰ ਉਨ੍ਹਾਂ ਦੀ ਸੇਵਾ ਵਿੱਚ ਤਾਇਨਾਤ ਕੀਤਾ ਗਿਆ ਹੈ। ਆਰ. ਐੱਸ. ਐੱਸ. ਵੱਡੇ-ਵੱਡੇ ਮਹਿਲਾਂ 'ਚ ਦਫਤਰ ਖੋਲ੍ਹ ਰਹੀ ਹੈ। ਵਾਲੇ ਪ੍ਰਾਈਵੇਟ ਜਹਾਜਾਂ 'ਚ ਸਫਰ ਕਰ ਰਹੇ ਹਨ, ਹੁਣ ਉਨ੍ਹਾਂ ਨੂੰ ਗੁਰੂਦਕਸੀ ਦੀ ਲੋੜ ਨਹੀਂ। ਸੰਘ ਪਰਿਵਾਰ ਸੱਤਾ ਦਾ ਆਨੰਦ ਮਾਣ ਰਿਹਾ ਹੈ। ਵਾਇਰਲ ਦਾਅਵੇ ਦੀ ਪੁਸਟੀ ਕਰਨ ਲਈ, ਅਸੀਂ ਕੀਵਰਡਸ ਦੀ ਵਰਤੋਂ ਕਰਕੇ ਗੂਗਲ 'ਤੇ ਇਸ ਬਾਰੇ ਖੋਜ ਕੀਤੀ। ਮੋਹਨ ਭਾਗਵਤ ਦਾ ਵੀਡੀਓ 10 ਜੂਨ ਨੂੰ ਆਰ. ਐੱਸ. ਐੱਸ. ਦੇ ਐਕਸ ਹੈਂਡਲ 'ਤੇ ਪੋਸਟ ਕੀਤਾ ਗਿਆ ਹੈ। ਇਸ 'ਚ ਉਹ ਕਹਿ ਰਹੇ ਹਨ, "ਮਣੀਪੁਰ ਇੱਕ ਸਾਲ ਤੋਂ ਸਾਂਤੀ ਦੀ ਉਡੀਕ ਕਰ ਰਿਹਾ ਹੈ। ਇਸ ਤੋਂ ਪਹਿਲਾਂ ਇਹ 10 ਸਾਲ ਤੱਕ ਸਾਂਤ ਸੀ। ਪੁਰਾਣਾ ਬੰਦੂਕ ਕਲਚਰ ਖਤਮ ਹੁੰਦਾ ਜਾਪਦਾ ਸੀ ਅਤੇ ਅਚਾਨਕ ਉੱਥੇ ਪੈਦਾ ਹੋਈ ਝਗੜੇ ਦੀ ਅੱਗ ਅਜੇ ਵੀ ਬਲ ਰਹੀ ਹੈ ਅਤੇ ਭੜਕ ਰਹੀ ਹੈ। ਇਸ ਵੱਲ ਕੌਣ ਧਿਆਨ ਦੇਵੇਗਾ? ਇਸ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਨਾ ਸਾਡਾ ਫਰਜ ਹੈ।" 10 ਜੂਨ ਨੂੰ ਨਾਗਪੁਰ 'ਚ ਹੋਏ ਸਮਾਗਮ ਦਾ ਇੱਕ ਵੀਡੀਓ ਵੀ ਏ. ਐੱਨ. ਆਈ. ਦੇ ਐਕਸ ਹੈਂਡਲ 'ਤੇ ਪੋਸਟ ਕੀਤਾ ਗਿਆ ਹੈ।

ਜੰਮੂ ਕਸ਼ਮੀਰ 'ਚ ਹੋਏ ਅੱਤਵਾਦੀ ਹਮਲਿਆਂ ਨੂੰ ਲੈ ਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 16 ਜੂਨ ਨੂੰ ਬੁਲਾਈ ਬੈਠਕ

ਨਵੀਂ ਦਿੱਲੀ 14 ਜੂਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤੀਰਥ ਯਾਤਰੀਆਂ ਨੂੰ ਲਿਜਾ ਰਹੀ ਬੱਸ 'ਤੇ ਹਮਲੇ ਸਮੇਤ ਹਾਲ 'ਚ ਹੋਈਆਂ ਕਈ ਅੱਤਵਾਦੀਆਂ ਘਟਨਾਵਾਂ ਮੱਦੇਨਜਰ ਸ਼ੁੱਕਰਵਾਰ ਨੂੰ ਜੰਮੂ ਕਸ਼ਮੀਰ 'ਚ ਸੁਰੱਖਿਆ ਸਥਿਤੀ ਦੀ ਸਮੀਖਿਆ ਕੀਤੀ। ਸੂਤਰਾਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਮਿਤ ਸ਼ਾਹ ਨੇ 16 ਜੂਨ ਨੂੰ ਇਕ ਉੱਚ ਪੱਧਰੀ ਬੈਠਕ ਵੀ ਬੁਲਾਈ ਹੈ, ਜਿਸ 'ਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਜੰਮੂ ਕਸ਼ਮੀਰ ਦੇ ਉੱਪ ਰਾਜਪਾਲ ਮਨੋਜ ਸਿਨਹਾ, ਫੌਜ ਅਤੇ ਕੇਂਦਰੀ ਰਿਜਰਵ ਪੁਲਸ ਫੋਰਸ (ਸੀ.ਆਰ.ਪੀ.ਐੱਫ.) ਦੇ ਸੀਨੀਅਰ ਅਧਿਕਾਰੀ ਅਤੇ ਹੋਰ ਸ਼ਾਮਲ ਹੋਣਗੇ। ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰੀ ਨੂੰ ਜੰਮੂ ਕਸ਼ਮੀਰ ਦੀ ਮੌਜੂਦਾ ਸਥਿਤੀ ਅਤੇ ਅੱਤਵਾਦੀਆਂ ਘਟਨਾਵਾਂ ਬਾਰੇ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ ਗਈ। ਪਿਛਲੇ ਚਾਰ ਦਿਨਾਂ 'ਚ ਜੰਮੂ ਕਸ਼ਮੀਰ ਦੇ ਰਿਆਸੀ, ਕਠੁਆ ਅਤੇ ਡੋਡਾ ਜ਼ਿਲ੍ਹਿਆਂ 'ਚ ਚਾਰ ਥਾਵਾਂ 'ਤੇ ਅੱਤਵਾਦੀਆਂ ਨੇ ਹਮਲਾ ਕੀਤਾ, ਜਿਸ 'ਚ 9 ਤੀਰਥ ਯਾਤਰੀਆਂ ਅਤੇ ਇਕ ਸੀ.ਆਰ.ਪੀ.ਐੱਫ. ਜਵਾਨ ਦੀ ਮੌਤ ਹੋ

ਗਈ ਅਤੇ 7 ਸੁਰੱਖਿਆ ਕਰਮੀ ਅਤੇ ਕਈ ਹੋਰ ਜਖਮੀ ਹੋ ਗਏ। ਕਠੁਆ ਜ਼ਿਲ੍ਹੇ 'ਚ ਸੁਰੱਖਿਆ ਫੋਰਸਾਂ ਨਾਲ ਮੁਕਾਬਲੇ 'ਚ 2 ਸ਼ੱਕੀ ਪਾਕਿਸਤਾਨੀ ਅੱਤਵਾਦੀ ਵੀ ਮਾਰੇ ਗਏ ਅਤੇ ਉਨ੍ਹਾਂ ਕੋਲੋਂ ਵੱਡੀ ਮਾਤਰਾ 'ਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਕੀਤਾ ਗਿਆ।

ਉੱਤਰ ਪ੍ਰਦੇਸ਼ 'ਚ ਲੱਗਭਗ 5 ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਹੋ ਸਕਦੀ ਹੈ ਰੱਦ !

ਨੈਸ਼ਨਲ ਡੈਸਕ 14 ਜੂਨ। ਉੱਤਰ ਪ੍ਰਦੇਸ 'ਚ ਲੱਗਭਗ 5 ਅਜਿਹੇ ਸੰਸਦ ਮੈਂਬਰ ਹਨ, ਜਿਨ੍ਹਾਂ ਦੀ ਅਦਾਲਤਾਂ 'ਚ ਚੱਲ ਰਹੇ ਅਪਰਾਧਿਕ ਮਾਮਲਿਆਂ ਕਾਰਨ ਮੈਂਬਰਸ਼ਿਪ ਰੱਦ ਹੋ ਸਕਦੀ ਹੈ। ਰਿਪੋਰਟ ਮੁਤਾਬਕ ਜੇਕਰ ਇਨ੍ਹਾਂ 5 ਸਾਲਾਂ 'ਚ ਕਿਸੇ ਵੀ ਸੰਸਦ ਮੈਂਬਰ ਨੂੰ ਦੋ ਸਾਲ ਤੋਂ ਵੱਧ ਦੀ ਸਜਾ ਹੁੰਦੀ ਹੈ ਤਾਂ ਫੈਸਲਾ ਆਉਣ ਦੇ ਨਾਲ ਹੀ ਉਸ ਦੀ ਸੰਸਦ ਮੈਂਬਰਸ਼ਿਪ ਰੱਦ ਹੋ ਜਾਵੇਗੀ। ਇਨ੍ਹਾਂ ਨੇਤਾਵਾਂ ਦੀ ਸੂਚੀ 'ਚ ਪਹਿਲਾ ਨਾਂ ਯੂ. ਪੀ. ਦੇ ਗਾਜੀਪੁਰ ਤੋਂ ਲੋਕ ਸਭਾ ਸੰਸਦ ਮੈਂਬਰ ਅਫਜਲ ਅੰਸਾਰੀ ਦਾ ਹੈ। ਉਨ੍ਹਾਂ ਦੀ ਨਾਮਜਦਗੀ ਤੋਂ ਲੈ ਕੇ ਵੋਟਿੰਗ ਦੌਰਾਨ ਵਾਰ-ਵਾਰ ਵਿਵਾਦ ਖੜ੍ਹੇ ਹੁੰਦੇ ਰਹੇ। ਇਸ ਕਾਰਨ ਉਨ੍ਹਾਂ ਨੇ ਇਕ ਹੋਰ ਨਾਮਜਦਗੀ ਫਾਰਮ ਵੀ ਦਾਖਲ ਕੀਤਾ। ਅਫਜਲ ਦੀ ਜਿੱਤ ਹੋ ਗਈ ਹੈ ਪਰ ਉਸ ਦੇ ਖਿਲਾਫ 5 ਅਪਰਾਧਿਕ ਮਾਮਲੇ ਚੱਲ ਹਨ, ਜਿਨ੍ਹਾਂ 'ਚ ਗੈਂਗਸਟਰ ਐਕਟ ਤਹਿਤ ਇਕ ਮਾਮਲੇ 'ਚ ਉਸ ਨੂੰ 4 ਸਾਲ ਦੀ ਸਜਾ ਹੋ ਚੁੱਕੀ ਹੈ। ਇਸ ਕਾਰਨ ਉਸ ਦੀ ਮੈਂਬਰਸ਼ਿਪ ਚਲੀ ਗਈ ਸੀ ਪਰ ਸੁਪਰੀਮ ਕੋਰਟ ਤੋਂ ਉਨ੍ਹਾਂ ਨੂੰ ਇਸ ਮਾਮਲੇ 'ਚ ਕੁਝ ਰਾਹਤ ਮਿਲ ਗਈ ਸੀ, ਫਿਲਹਾਲ ਇਹ ਮਾਮਲਾ ਹਾਈ ਕੋਰਟ 'ਚ ਵਿਚਾਰ ਅਧੀਨ ਹੈ। ਜੇਕਰ ਅਦਾਲਤ ਇਸ ਫੈਸਲੇ ਨੂੰ ਬਰਕਰਾਰ ਰੱਖਦੀ ਹੈ ਤਾਂ ਅਫਜਲ ਦੀ ਮੈਂਬਰਸ਼ਿਪ ਜਾ ਸਕਦੀ ਹੈ। ਇਸ ਸੂਚੀ 'ਚ ਦੂਜਾ ਨਾਂ ਨਗੀਨਾ ਤੋਂ ਆਜਾਦ ਉਮੀਦਵਾਰ ਚੰਦਰਸੇਖਰ ਦਾ ਹੈ, ਜੋ ਚੰਗੇ ਫਰਕ ਨਾਲ ਚੋਣ ਜਿੱਤ ਕੇ ਸੰਸਦ 'ਚ ਪਹੁੰਚੇ ਹਨ। ਆਜਾਦ ਸਮਾਜ ਪਾਰਟੀ ਦੇ ਮੁਖੀ ਚੰਦਰਸੇਖਰ ਖਿਲਾਫ ਕਈ ਮਾਮਲੇ ਦਰਜ ਹਨ, ਜਿਨ੍ਹਾਂ 'ਚੋਂ ਚਾਰ

ਹਥਿਆਰਾਂ ਦੀ ਨੋਕ 'ਤੇ ਲੁੱਟਾਂ ਖੋਹਾਂ ਕਰਨ ਵਾਲੇ 3 ਮੈਂਬਰੀ ਗਿਰੋਹ ਦੇ 2 ਮੈਂਬਰ ਕਾਬੂ

ਤਰਨਤਾਰਨ 14 ਜੂਨ। ਹਥਿਆਰਾਂ ਦੀ ਨੋਕ 'ਤੇ ਸਰਕਾਰੀ ਕਰਮਚਾਰੀ ਨੂੰ ਲੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਸਬੰਧੀ ਥਾਣਾ ਖਾਲੜਾ ਦੀ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਤਿੰਨ ਮੈਂਬਰੀ ਗਿਰੋਹ ਦੇ 2 ਮੈਂਬਰਾਂ ਨੂੰ ਗ੍ਰਿਫਤਾਰ ਕਰਦੇ ਹੋਏ ਉਨ੍ਹਾਂ ਪਾਸੋਂ 1200 ਰੁਪਏ, ਇਕ ਪਰਸ ਅਤੇ ਇਕ ਦਾਤਰ ਬਰਾਮਦ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ। ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦਾ ਮਾਨਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰ ਅਗਲੇਰੀ ਪੁੱਛਗਿਛ ਸ਼ੁਰੂ ਕਰ ਦਿੱਤੀ ਗਈ ਹੈ, ਜਿਸ 'ਚ ਹੋਰ ਵਾਰਦਾਤਾਂ ਸਬੰਧੀ ਜਾਣਕਾਰੀ ਪ੍ਰਾਪਤ ਹੋਣ ਦੀ ਉਮੀਦ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਖਾਲੜਾ ਦੇ ਮੁਖੀ ਇੰਸਪੈਕਟਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਅਮਰਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਮਾੜੀ ਮੇਘਾ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਨਹਿਰੀ ਵਿਭਾਗ ਵਿਚ ਸਰਕਾਰੀ ਕਰਮਚਾਰੀ ਹੈ ਅਤੇ ਬੀਤੀ ਕੱਲ ਸ਼ਾਮ ਕਰੀਬ ਸਾਢੇ ਵਜੇ ਜਦੋਂ ਆਪਣੇ ਮੋਟਰਸਾਈਕਲ ਉਪਰ ਸਵਾਰ ਹੋ ਕੇ ਭੁੱਚਰ ਕਲਾਂ ਤੋਂ ਖਾਲੜਾ ਡਰੇਨ ਨਾਲ ਪੱਕੀ ਸੜਕ ਤੋਂ ਆ ਰਿਹਾ ਸੀ ਤਾਂ ਉਸਦੇ ਪਿੱਛੇ ਇਕ ਮੋਟਰਸਾਈਕਲ ਬਿਨਾਂ ਨੰਬਰੀ ਜਿਸ ਉਪਰ ਤਿੰਨ ਨੌਜਵਾਨ ਸਵਾਰ ਸਨ ਵੱਲੋਂ ਦਾਤਰਾਂ ਦੀ ਨੋਕ ਉਪਰ ਉਸਨੂੰ ਰਸਤੇ ਵਿਚ ਰੋਕ ਲਿਆ ਗਿਆ। ਇਸ ਦੌਰਾਨ ਤਿੰਨਾਂ ਵਿਅਕਤੀਆਂ ਵੱਲੋਂ ਉਸਦੀ ਜ਼ੇਬ ਵਿਚ ਮੌਜੂਦ ਪਰਸ ਮੋਬਾਈਲ ਫੋਨ ਆਦਿ ਖੋਹਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਕਰਨ ਤੋਂ ਬਾਅਦ ਉਸ ਉਪਰ ਹਮਲਾ ਕਰ ਦਿੱਤਾ ਗਿਆ ਅਤੇ

ਮੁਲਜ਼ਮ ਉਸਦੀ ਜ਼ੇਬ ਵਿਚ ਮੌਜੂਦ ਪਰਸ, ਜਿਸ ਵਿਚ 1200 ਸਰਕਾਰੀ ਆਈ ਕਾਰਡ ਅਤੇ ਹੋਰ ਦਸਤਾਵੇਜ਼ ਤੋਂ ਇਲਾਵਾ ਇਕ ਮੋਬਾਈਲ ਮੌਜੂਦ ਸੀ ਨੂੰ ਲੈ ਕੇ ਫਰਾਰ ਹੋ ਗਏ। ਇੰਸਪੈਕਟਰ ਵਿਨੋਦ ਸ਼ਰਮਾ ਨੇ ਦੱਸਿਆ ਕਿ ਕਰਮਚਾਰੀ ਵੱਲੋਂ ਦਿੱਤੇ ਗਏ ਬਿਆਨਾਂ ਤੋਂ ਤੁਰੰਤ ਬਾਅਦ ਪੁਲਸ ਵੱਲੋਂ ਇਲਾਕੇ ਵਿਚ ਸਖਤੀ ਨਾਲ ਘੇਰਾਬੰਦੀ ਕਰਦੇ ਹੋਏ ਗੁਰਲਾਲ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪਿੰਡ ਸੋਹਲ ਅਤੇ ਸ਼ਹਲਾ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਸੋਹਲ ਨੂੰ ਗ੍ਰਿਫਤਾਰ ਕਰਦੇ ਹੋਏ ਉਨ੍ਹਾਂ ਪਾਸੋਂ 1200 ਰੁਪਏ, ਇਕ ਪਰਸ ਅਤੇ ਇਕ ਦਾਤਰ ਬਰਾਮਦ ਕਰ ਲਿਆ ਗਿਆ ਹੈ ਜਦ ਕਿ ਇਨ੍ਹਾਂ ਦੇ ਫਰਾਰ ਤੀਸਰੇ ਸਾਥੀ ਗੁਰਵਿੰਦਰ ਸਿੰਘ ਉਰਫ ਸ਼ਾਲੂ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਸੋਹਲ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

ਨੌਜਵਾਨ ਦੀ ਭੇਦ ਭਰੀ ਹਾਲਾਤ ਵਿੱਚ ਮੌਤ

ਭਾਦਸੋਂ 14 ਜੂਨ। ਥਾਣਾ ਭਾਦਸੋਂ ਅਧੀਨ ਆਉਂਦੇ ਪਿੰਡ ਦੁੰਦਰਾਲਾ ਖਰੋੜ ਵਿਖੇ ਇਕ ਨੌਜਵਾਨ ਦੀ ਭੇਦ ਭਰੀ ਹਾਲਾਤ 'ਚ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਸਬ ਇੰਸਪੈਕਟਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਜਗਜੀਤ ਸਿੰਘ ਜੱਗੀ ਪੁੱਤਰ ਸਮਸੇਰ ਸਿੰਘ ਬਾਸੀ ਪਿੰਡ ਦਦਰਾਲਾ ਖਰੋੜ ਦੀ ਬੀਤੀ ਰਾਤ ਉਸਦੇ ਘਰ 'ਚ ਹੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਥਾਣਾ ਮੁਖੀ ਸਬ ਇੰਸਪੈਕਟਰ ਇੰਦਰਜੀਤ ਸਿੰਘ ਨੇ ਮੌਕੇ 'ਤੇ ਜਾ ਕੇ ਪੜਤਾਲ ਕੀਤੀ ਅਤੇ ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ। ਪੁਲਸ ਵੱਲੋਂ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮੌਤ ਦੇ ਅਸਲ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਚੱਲ ਸਕਿਆ ਹੈ।

ਵਿਆਹ ਤੋਂ ਇਨਕਾਰ ਕਰਨ 'ਤੇ ਕੀਤਾ ਸੀ ਔਰਤ ਦਾ ਕਤਲ

ਬਠਿੰਡਾ 14 ਜੂਨ। ਪਿੰਡ ਗਿੱਲਪੱਤੀ ਨੇੜੇ ਨੇਹੀਆਂਵਾਲਾ ਰੋਡ 'ਤੇ ਰਜਵਾਹੇ ਨੇੜੇ ਐਤਵਾਰ ਸਵੇਰੇ ਇਕ ਔਰਤ ਦੀ ਲਾਸ ਮਿਲਣ ਦੇ ਮਾਮਲੇ 'ਚ ਖੁਲਾਸਾ ਹੋਇਆ ਹੈ ਕਿ ਉਕਤ ਔਰਤ ਦੇ ਕਥਿਤ ਪ੍ਰੇਮੀ ਨੇ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਸੀ। ਉਹ ਉਸ ਨਾਲ ਵਿਆਹ ਲਈ ਦਬਾਅ ਪਾ ਰਿਹਾ ਸੀ ਪਰ ਔਰਤ ਵਿਆਹ ਲਈ ਤਿਆਰ ਨਹੀਂ ਸੀ। ਇਸ ਤੋਂ ਤੰਗ ਆ ਕੇ ਮੁਲਜਮ ਸਤਨਾਮ ਸਿੰਘ ਸਿੰਘ ਵਾਸੀ ਬਲਾਹੜ ਮਹਿਮਾ ਨੇ ਬੀਤੀ ਸਵੇਰੇ ਉਕਤ ਔਰਤ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਬਾਅਦ ਵਿਚ ਬਲਾਹੜ ਮਹਿਮਾ ਦੇ ਸਰਕਾਰੀ ਸਕੂਲ ਵਿਚ ਪਹੁੰਚ ਕੇ ਦਰੱਖਤ ਨਾਲ ਫਾਹਾ ਲਾ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ।



ਔਰਤ ਦੇ ਪਿਤਾ ਸੁਖਮੰਦਰ ਸਿੰਘ ਵਾਸੀ ਚਹਿਲ ਜ਼ਿਲ੍ਹਾ ਫਰੀਦਕੋਟ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਕੁੜੀ ਦੇ ਮੁਲਜਮ ਨਾਲ ਸਬੰਧ ਸਨ। ਬੀਤੇ ਦਿਨ ਉਹ ਉਸ ਨੂੰ ਮਿਲਣ ਗਈ ਸੀ ਤਾਂ ਉਸ ਨੇ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਉਸ ਨੇ ਦੱਸਿਆ ਕਿ ਮੁਲਜਮ ਉਸ ਦੀ ਧੀ 'ਤੇ ਵਿਆਹ ਲਈ ਦਬਾਅ ਪਾ ਰਿਹਾ ਸੀ ਪਰ ਉਸ ਦੀ ਧੀ ਮਨਪ੍ਰੀਤ ਕੌਰ ਵਿਆਹ ਨਹੀਂ ਕਰਵਾਉਣਾ ਚਾਹੁੰਦੀ ਸੀ। ਇਸੇ ਕਾਰਨ ਮੁਲਜਮ ਨੇ ਉਸ ਦਾ ਕਤਲ ਕਰ ਦਿੱਤਾ। ਬਾਅਦ 'ਚ ਮੁਲਜਮ ਨੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮੁਲਜਮ ਖ਼ਿਲਾਫ ਕਤਲ ਦਾ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਛਬੀਲ ਪੀਣ ਲਈ ਸੜਕ ਪਾਰ ਕਰ ਰਹੇ ਮੁੰਡੇ ਨਾਲ ਵਾਪਰਿਆ ਭਾਣਾ, ਸੋਚਿਆ ਨਹੀਂ ਸੀ ਇੰਝ ਆਵੇਗੀ ਮੌਤ

ਬਾਬਾ ਬਕਾਲਾ ਸਾਹਿਬ 14 ਜੂਨ। ਸਥਾਨਕ ਗੁਰਦੁਆਰਾ ਮਾਤਾ ਗੰਗਾ ਜੀ ਸਾਹਮਣੇ ਛਬੀਲ ਪੀਣ ਲਈ ਸੜਕ ਪਾਰ ਕਰਦੇ ਸਮੇਂ 9 ਸਾਲਾ ਬੱਚੇ ਲਵਪ੍ਰੀਤ ਸਿੰਘ ਦੀ ਇਕ ਤੇਜ ਰਫਤਾਰ ਕਾਰ ਦੀ ਲਪੇਟ ਵਿਚ ਆਉਣ ਕਾਰਨ ਮੌਤ ਹੋ ਗਈ। ਕੁਲਦੀਪ ਸਿੰਘ ਵਾਸੀ ਠੱਠੀਆਂ ਨੇ ਦੱਸਿਆ ਕਿ ਉਸ ਦਾ ਮੁੰਡਾ ਛਬੀਲ ਪੀਣ ਲਈ ਗਿਆ ਸੀ ਕਿ ਇਕ ਅਣਪਛਾਤੇ ਡਰਾਈਵਰ ਨੇ ਤੇਜ ਰਫਤਾਰ ਗੱਡੀ ਮੇਰੇ ਬੇਟੇ ਉਪਰ ਚਾੜ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਚੌਕੀ ਇੰਚਾਰਜ ਬਲਵਿੰਦਰ ਸਿੰਘ ਨੇ ਮੌਕੇ 'ਤੇ ਪੁੱਜ ਕੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰ ਕੇ ਤਫਤੀਸ਼ ਕਰਨੀ ਸ਼ੁਰੂ ਕਰ ਦਿੱਤੀ ਹੈ।

ਰੇਤ ਦੀ ਭਰੀ ਨਾਜਾਇਜ਼ ਟਰੈਕਟਰ-ਟਰਾਲੀ ਸਮੇਤ ਇਕ ਗ੍ਰਿਫਤਾਰ

ਫਿਰੋਜ਼ਪੁਰ 14 ਜੂਨ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਰੇਤਾ ਦੀ ਭਰੀ ਨਾਜਾਇਜ਼ ਟਰੈਕਟਰ-ਟਰਾਲੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਹੈੱਡ ਕਾਂਸਟੇਬਲ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਦੁਲੱਚੀ ਨੇੜੇ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਨਛੱਤਰ ਸਿੰਘ ਪੁੱਤਰ ਬਗੀਚਾ ਸਿੰਘ ਵਾਸੀ ਪਿੰਡ ਅਲੀ ਕੇ ਰੇਤਾ ਨਾਜਾਇਜ਼ ਮਾਈਨਿੰਗ ਕਰਕੇ ਵੇਚਣ ਦਾ ਆਦੀ ਹੈ। ਜੋ ਹੁਣ ਵੀ ਟਰੈਕਟਰ ਸਮੇਤ ਟਰਾਲੀ 'ਤੇ ਰੇਤਾ ਲੋਡ ਕਰਕੇ ਲੈ ਕੇ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀ ਨੂੰ ਕਾਬੂ ਕੀਤਾ ਗਿਆ ਤੇ ਮੌਕੇ 'ਤੇ 1 ਟਰੈਕਟਰ ਮਹਿੰਦਰਾ ਸਮੇਤ ਟਰਾਲੀ ਰੇਤਾ ਨਾਜਾਇਜ਼ ਨਾਲ ਭਰੀ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਜਾਅਲੀ ਡਰਾਈਵਿੰਗ ਲਾਇਸੈਂਸ, ਪਾਸਪੋਰਟ ਬਣਾਉਣ ਵਾਲਿਆਂ 'ਤੇ ਵੱਡੀ ਕਾਰਵਾਈ

ਪਟਿਆਲਾ 14 ਜੂਨ। ਮਿੰਨੀ ਸਕੱਤਰੇਤ ਦੇ ਸਾਹਮਣੇ ਬੂਥਾਂ ਵਿਚ ਜਾਅਲੀ ਅਸਲਾ ਅਤੇ ਡਰਾਈਵਿੰਗ ਲਾਇਸੈਂਸ ਜਾਅਲੀ ਪਾਸੋਪਰਟ ਅਤੇ ਜਾਅਲੀ ਸਰਟੀਫਿਕੇਟ ਤਿਆਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਥਾਣਾ ਤ੍ਰਿਪੜੀ ਦੀ ਪੁਲਸ ਨੇ ਯਾਦਵਿੰਦਰ ਸਿੰਘ ਪੁੱਤਰ ਜਗਨਨਾਥ, ਰਾਜਪਾਲ ਸਿੰਘ ਪੁੱਛਰ ਨਿਰੰਜਣ ਸਿੰਘ, ਦੀਪਕ ਆਰੀਆ ਪੁੱਤਰ ਕ੍ਰਿਸ਼ਨ ਵਾਸੀ ਅਰਬਨ ਅਸਟੇਟ ਪਟਿਆਲਾ, ਰਾਜੇਸ਼ ਕੁਮਾਰ ਵਾਸੀ ਪਟਿਆਲਾ, ਰਾਜ ਕੁਮਾਰ ਵਾਸੀ ਤ੍ਰਿਪੜੀ ਖ਼ਿਲਾਫ ਕੇਸ ਦਰਜ ਕੀਤਾ ਹੈ।

ਇਸ ਮਾਮਲੇ ਵਿਚ ਜੀਤ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਰਤਨ ਨਗਰ ਪਟਿਆਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਵਿਅਕਤੀ ਜਾਅਲੀ ਅਸਲਾ ਅਤੇ ਡਰਾਈਵਿੰਗ ਲਾਇਸੈਂਸ, ਜਾਅਲੀ ਪਾਸੋਪਰਟ, ਸਰਟੀਫਿਕੇਟ, ਆਰ. ਸੀ. ਆਦਿ ਤਿਆਰ ਕਰਦੇ ਹਨ ਅਤੇ ਇਨ੍ਹਾਂ ਵੱਲੋਂ ਰੱਖੇ ਗਏ ਵਿਅਕਤੀ ਵੀ ਜਾਅਲੀ ਦਸਤਾਵੇਜ਼ ਤਿਆਰ ਕਰਕੇ ਜਾਅਲੀ ਮੋਹਰਾਂ ਲਗਾਉਂਦੇ ਹਨ। ਇਸ ਤੋਂ ਬਾਅਦ ਪੁਲਸ ਨੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਯਾਦਵਿੰਦਰ ਸਿੰਘ, ਜਿਸ ਦਾ ਮਿੰਨੀ ਸਕੱਤਰੇਤ ਦੇ ਸਾਹਮਣੇ ਮਾਰਕੀਟ ਵਿਚ ਬੂਥ ਹੈ, ਬਾਕੀ ਸ਼ਾਮਲ ਵਿਅਕਤੀਆਂ ਦੀ ਮਦਦ ਨਾਲ ਆਪਸ ਵਿਚ ਸਾਜਬਾਜ ਹੋ ਕੇ ਜਾਅਲੀ ਦਸਤਾਵੇਜ ਤਿਆਰ ਕਰਦੇ ਹਨ। ਪੁਲਸ ਨੇ ਇਸ ਮਾਮਲੇ ਵਿਚ ਉਕਤ ਵਿਅਕਤੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਸਤੋ ਡਰਾਮਾ ਅਦਾਕਾਰਾ ਖੁਸਬੂ ਖਾਨ ਦੀ ਗੋਲੀ ਮਾਰ ਕੇ ਹੱਤਿਆ

ਇਸਲਾਮਾਬਾਦ 14 ਜੂਨ। ਪਸਤੋ ਡਰਾਮਾ ਅਤੇ ਰੰਗਮੰਚ ਅਦਾਕਾਰਾ ਖੁਸਬੂ ਖਾਨ ਦੀ ਪਾਕਿਸਤਾਨ ਵਿਚ ਦੋ ਵਿਅਕਤੀਆਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਜੀਓ ਨਿਊਜ ਨੇ ਦੇਸ ਦੀ ਪੁਲਸ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ। ਪਾਕਿਸਤਾਨੀ ਮੀਡੀਆ ਆਉਟਲੇਟ ਦੀ ਰਿਪੋਰਟ ਅਨੁਸਾਰ ਸੋਮਵਾਰ ਨੂੰ ਅਦਾਕਾਰਾ ਦੀ ਲਾਸ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਦੇ ਨੌਸਹਿਰਾ ਜ਼ਿਲ੍ਹੇ ਦੀ ਵਪਡਾ ਕਲੋਨੀ ਵਿੱਚ ਖੇਤਾਂ ਵਿੱਚ ਪਾਈ ਗਈ। ਅਕਬਰਪੁਰਾ ਪੁਲਸ ਨੇ ਦੋਵਾਂ ਮੁਲਜਮਾਂ ਖ਼ਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਜੀਓ ਨਿਊਜ ਨੇ ਦੱਸਿਆ ਕਿ ਦੋ ਸ਼ੱਕੀਆਂ ਦੀ ਪਛਾਣ ਸ਼ਿਕਾਇਤਕਰਤਾ ਦੁਆਰਾ ਨਾਮਜਦ ਸੌਕਤ ਅਤੇ ਫਲਕ ਨਿਆਜ ਵਜੋਂ ਕੀਤੀ ਗਈ ਹੈ, ਜੋ ਕਿ ਮ੍ਰਿਤਕ ਅਭਿਨੇਤਾ ਦਾ ਭਰਾ ਹੈ। ਪੁਲਸ ਨੇ ਕਿਹਾ ਕਿ ਉਨ੍ਹਾਂ ਨੇ ਸੱਕੀਆਂ ਦੀ ਗ੍ਰਿਫਤਾਰੀ ਲਈ ਤਲਾਸੀ ਮੁਹਿੰਮ ਸੁਰੂ ਕਰ ਦਿੱਤੀ ਹੈ, ਜਿਨ੍ਹਾਂ ਵਿੱਚੋਂ ਇੱਕ 'ਤੇ ਪਹਿਲਾਂ ਐਕਟਿੰਗ ਇੰਡਸਟਰੀ ਨਾਲ ਸਬੰਧਤ ਇੱਕ ਹੋਰ ਔਰਤ ਦੇ ਕਥਿਤ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਸੀ। ਫਸਟ ਇਨਫਰਮੇਸਨ ਰਿਪੋਰਟ (ਐਫ.ਆਈ.ਆਰ) ਅਨੁਸਾਰ ਪੀੜਤਾ ਦੇ ਭਰਾ ਨੇ ਦੋਸ ਲਾਇਆ ਕਿ ਸੱਕੀਆਂ ਨੇ ਖੁਸਬੂ ਦਾ ਕਤਲ ਕਰ ਦਿੱਤਾ

ਕਿਉਂਕਿ ਉਹ ਉਸ ਨੂੰ ਸਿਰਫ ਉਨ੍ਹਾਂ ਦੁਆਰਾ ਆਯੋਜਿਤ ਸਮਾਗਮਾਂ ਵਿੱਚ ਕੰਮ ਕਰਨ ਅਤੇ ਉਦਯੋਗ ਛੱਡਣ ਦੀ ਮੰਗ ਨੂੰ ਸਵੀਕਾਰ ਕਰਨ ਵਿੱਚ ਅਸਫਲ ਰਹੇ ਸਨ। ਜੀਓ ਨਿਊਜ ਦੀ ਰਿਪੋਰਟ ਮੁਤਾਬਕ ਖੁਸਬੂ ਉਨ੍ਹਾਂ ਦੀਆਂ ਮੰਗਾਂ ਲਈ ਸਹਿਮਤ ਨਹੀਂ ਹੋਈ, ਜਿਸ ਮਗਰੋਂ ਸੱਕੀਆਂ ਨੇ ਉਸ ਨੂੰ ਇੱਕ ਪਾਰਟੀ ਵਿੱਚ ਬੁਲਾਇਆ ਅਤੇ ਉੱਥੇ ਉਸਦੀ ਹੱਤਿਆ ਕਰ ਦਿੱਤੀ। ਇਸ ਦੌਰਾਨ ਅਖਬਰਪੁਰਾ ਸਟੇਸਨ ਹਾਊਸ ਅਫਸਰ (ਐਸ.ਐਚ.ਓ) ਨਿਆਜ ਮੁਹੰਮਦ ਖਾਨ ਨੇ ਦੱਸਿਆ ਕਿ ਪੁਲਸ ਨੂੰ ਸੱਕ ਹੈ ਕਿ ਖੁਸਬੂ ਨੂੰ ਪੁੱਛਗਿੱਛ ਲਈ ਸਮਾਗਮ ਵਿੱਚ ਲਿਆਂਦਾ ਗਿਆ ਸੀ, ਜਿੱਥੇ ਦੋਵੇਂ ਸੱਕੀ ਮੌਜੂਦ ਸਨ ਅਤੇ ਉਸ ਦਾ ਕਿਤੇ ਹੋਰ ਕਤਲ ਕਰਕੇ ਉਸਦੀ ਲਾਸ ਨੂੰ ਖੇਤਾਂ ਵਿੱਚ ਸੁੱਟ ਦਿੱਤਾ ਗਿਆ ਸੀ। ਜੀਓ ਨਿਊਜ ਦੀ ਰਿਪੋਰਟ ਅਨੁਸਾਰ ਨੌਸਹਿਰਾ ਜ਼ਿਲ੍ਹਾ ਪੁਲਿਸ ਅਧਿਕਾਰੀ (ਡੀ.ਪੀ.ਓ) ਅਜਹਰ ਨੇ ਕਿਹਾ ਕਿ ਉਨ੍ਹਾਂ ਨੇ ਸਬੂਤ ਇਕੱਠੇ ਕਰ ਲਏ ਹਨ ਅਤੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਅਜਹਰ ਨੇ ਦੱਸਿਆ ਕਿ ਪੋਸਟਮਾਰਟਮ ਤੋਂ ਬਾਅਦ ਲਾਸ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਗਈ। ਅਧਿਕਾਰੀ ਨੇ ਅੱਗੇ ਕਿਹਾ ਕਿ ਪੁਲਸ ਜਾਂਚ ਦੇ ਆਧੁਨਿਕ ਤਰੀਕਿਆਂ ਜਿਵੇਂ ਕਿ ਜਿਓ-ਫੈਨਸਿੰਗ ਰਾਹੀਂ ਸੱਕੀਆਂ ਨੂੰ ਫੜਨ ਦੀ ਕੋਸ਼ਿਸ ਕਰੇਗੀ।

8 ਸਾਲਾਂ 'ਚ ਜੂਨ ਮਹੀਨੇ ਪਹਿਲੀ ਵਾਰ ਪਾਰਾ ਪਹੁੰਚਿਆ 44 ਤੋਂ ਪਾਰ

ਚੰਡੀਗੜ੍ਹ 14 ਜੂਨ। ਸ਼ਹਿਰ ਦਾ ਵੱਧ ਤੋਂ ਵੱਧ ਤਾਪਮਾਨ 44.6 ਡਿਗਰੀ ਦਰਜ ਕੀਤਾ ਗਿਆ, ਜੋ ਆਮ ਨਾਲੋਂ 6 ਡਿਗਰੀ ਵੱਧ ਸੀ। ਇਸ ਦੇ ਨਾਲ ਹੀ 8 ਸਾਲਾਂ 'ਚ ਇਹ ਪਹਿਲੀ ਵਾਰ ਹੈ, ਜਦੋਂ ਜੂਨ ਮਹੀਨੇ 'ਚ ਇੰਨਾ ਜ਼ਿਆਦਾ ਤਾਪਮਾਨ ਦਰਜ ਕੀਤਾ ਗਿਆ ਹੈ। ਸਾਲ 2017 ਤੋਂ ਬਾਅਦ ਇਹ ਪਹਿਲਾ ਮੌਕਾ ਹੈ, ਜਦੋਂ ਜੂਨ ਮਹੀਨੇ 'ਚ ਇੰਨਾ ਜ਼ਿਆਦਾ ਤਾਪਮਾਨ ਦਰਜ ਕੀਤਾ ਗਿਆ ਹੈ। ਪਿਛਲੇ ਤਿੰਨ ਦਿਨਾਂ ਤੋਂ ਤਾਪਮਾਨ 'ਚ ਲਗਾਤਾਰ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਇਸ ਕਾਰਨ ਚੰਡੀਗੜ੍ਹ ਮੌਸਮ ਕੇਂਦਰ ਨੇ ਯੈਲੋ ਅਲਰਟ ਨੂੰ ਬਦਲ ਕੇ 5 ਦਿਨਾਂ ਲਈ ਆਰੈਂਜ ਅਲਰਟ 'ਚ ਕਰ ਦਿੱਤਾ ਹੈ। ਵਿਭਾਗ ਦਾ ਕਹਿਣਾ ਹੈ ਕਿ 17 ਜੂਨ ਤੱਕ ਸ਼ਹਿਰ 'ਚ 'ਲੂ' ਦੀ ਸਥਿਤੀ ਬਣੀ ਰਹੇਗੀ। ਚੰਡੀਗੜ੍ਹ ਮੌਸਮ ਕੇਂਦਰ ਮੁਤਾਬਕ ਚੰਡੀਗੜ੍ਹ ਹੀ ਨਹੀਂ, ਸਗੋਂ ਪੰਜਾਬ ਤੇ ਹਰਿਆਣਾ 'ਚ ਵੀ ਇ

ਨਵੀਂ ਐਕਸਾਈਜ ਪਾਲਿਸੀ: ਪਿਆਕੜਾਂ ਲਈ ਅਹਿਮ ਖਬਰ, ਮਿਲ ਸਕਦੀ ਹੈ ਸਸਤੀ ਸ਼ਰਾਬ

ਜਲੰਧਰ 14 ਜੂਨ। ਨਵੀਂ ਐਕਸਾਈਜ ਪਾਲਿਸੀ ਤਹਿਤ ਪੰਜਾਬ ਦੇ ਬਾਕੀ ਬਚੇ 12 ਗਰੁੱਪਾਂ ਦੀ ਨਿਲਾਮੀ ਦਾ ਸੋਮਵਾਰ ਆਖਰੀ ਦਿਨ ਹੈ। ਸ਼ਾਮ 5 ਵਜੇ ਤਕ ਜਿਹੜੇ ਗਰੁੱਪ ਬਚ ਜਾਣਗੇ, ਉਨ੍ਹਾਂ ਦਾ ਸੰਚਾਲਨ ਮਾਰਕਫੈੱਡ ਤੋਂ ਕਰਵਾਉਣ ਦੀ ਯੋਜਨਾ ਬਣਾਈ ਗਈ ਹੈ। ਇਸ ਕਾਰਨ ਸ਼ਰਾਬ ਦੇ ਸ਼ੌਕੀਨਾਂ ਨੂੰ ਸਸਤੀ ਸ਼ਰਾਬ ਮਿਲਣ ਦੀਆਂ ਸੰਭਾਵਨਾਵਾਂ ਹੋਰ ਵੀ ਵਧ ਗਈਆਂ ਹਨ, ਕਿਉਂਕਿ ਸਰਕਾਰੀ ਵਿਭਾਗ ਘੱਟ ਕੀਮਤਾਂ 'ਤੇ ਸਰਾਬ ਦੀ ਵਿਕਰੀ ਕਰੇਗਾ। ਪੰਜਾਬ ਦੇ 171 ਵਿਚੋਂ 159 ਗਰੁੱਪ ਠੇਕੇਦਾਰਾਂ ਵੱਲੋਂ ਖਰੀਦੇ ਜਾ ਚੁੱਕੇ ਹਨ ਅਤੇ ਬਾਕੀ ਬਚੇ 12 ਗਰੁੱਪਾਂ ਲਈ ਵਿਭਾਗ ਵੱਲੋਂ ਰਾਖਵੀਂ ਕੀਮਤ 6.50 ਫੀਸਦੀ ਘਟਾ ਕੇ ਨਿਲਾਮੀ ਰੱਖੀ ਗਈ ਹੈ। ਇਸ ਨਿਲਾਮੀ ਦੇ ਕ੍ਰਮ ਵਿਚ ਜਲੰਧਰ ਜੋਨ ਦੇ 4, ਪਟਿਆਲਾ ਜੋਨ ਦੇ 6 ਅਤੇ ਫਿਰੋਜਪੁਰ ਜੋਨ ਦੇ 2 ਗਰੁੱਪ ਸਾਮਲ ਹਨ। ਬਾਕੀ ਬਚੇ ਗਰੁੱਪਾਂ ਦੀ ਕੀਮਤ 550 ਕਰੋੜ ਦੇ ਕਰੀਬ ਦੱਸੀ ਗਈ ਹੈ। ਵਿਭਾਗ ਵੱਲੋਂ ਹੁਣ ਤੱਕ ਦੋ ਵਾਰ ਕੀਮਤਾਂ ਘਟਾਈਆਂ ਜਾ ਚੁੱਕੀਆਂ ਹਨ ਅਤੇ ਇਸ ਵਾਰ ਕੁੱਲ 2 ਫੀਸਦੀ ਦੀ ਕਟੌਤੀ ਕਰ ਕੇ ਕੁੱਲ 6.50 ਫੀਸਦੀ ਦੀ ਗਿਰਾਵਟ ਕੀਤੀ ਗਈ ਹੈ। ਇਸ ਤਹਿਤ ਗਰੁੱਪ ਖਰੀਦਣ ਵਾਲੇ ਠੇਕੇਦਾਰਾਂ ਨੂੰ ਪ੍ਰਤੀ ਗਰੁੱਪ 3-4 ਕਰੋੜ ਰੁਪਏ ਦੀ ਬੱਚਤ ਹੋਵੇਗੀ। ਵਿਭਾਗ ਨੇ ਅੰਦਾਜਾ ਲਾਇਆ ਹੈ ਕਿ

ਜੇਕਰ ਠੇਕੇ ਆਪਣੇ ਪੱਧਰ 'ਤੇ ਚਲਾਏ ਜਾਣ ਤਾਂ ਸਾਲ 'ਚ 3-4 ਕਰੋੜ ਰੁਪਏ ਖਰਚ ਨਹੀਂ ਹੋਣਗੇ, ਇਸ ਲਈ ਮਹਿਕਮਾ ਖੁਦ ਹੀ ਠੇਕੇ ਚਲਾਉਣ ਵੱਲ ਧਿਆਨ ਦੇਣ ਲੱਗਾ ਹੈ। ਇਸ ਕੜੀ ਤਹਿਤ ਜਲੰਧਰ ਜੋਨ ਦੇ ਬਾਕੀ ਬਚੇ 4 ਗਰੁੱਪਾਂ ਵਿਚੋਂ ਜੋਤੀ ਚੌਕ ਗਰੁੱਪ ਬਾਕੀ ਬਚਿਆ ਹੈ। ਕੀਮਤਾਂ ਘਟਾਉਣ ਤੋਂ ਬਾਅਦ ਇਸ ਗਰੁੱਪ ਦੀ ਕੀਮਤ 40.15 ਕਰੋੜ ਨਿਰਧਾਰਿਤ ਕੀਤੀ ਗਈ ਹੈ ਅਤੇ ਇਸ ਦੇ ਲਈ ਬੋਲੀਕਾਰ ਨੂੰ ਸੋਮਵਾਰ ਸਾਮ 5 ਵਜੇ ਤੱਕ ਈ-ਟੈਂਡਰ ਰਾਹੀਂ ਆਪਣੀ ਅਰਜੀ ਜਮ੍ਹਾ ਕਰਵਾਉਣੀ ਪਵੇਗੀ। ਮਾਰਕਫੈੱਡ ਵੱਲੋਂ ਇਸ ਗਰੁੱਪ ਨੂੰ ਚਲਾਉਣ ਨਾਲ ਸਹਿਰ ਦੇ ਮੱਧ ਵਿਚ ਆਉਂਦੇ ਠੇਕਿਆਂ ਦੀ ਕਮਾਨ ਵਿਭਾਗ ਕੋਲ ਆ ਜਾਵੇਗੀ, ਜੋ ਕਿ ਠੇਕੇਦਾਰਾਂ ਲਈ ਮੁਸਕਲਾਂ ਖੜ੍ਹੀਆਂ ਕਰ ਸਕਦਾ ਹੈ। ਸਹਿਰ ਦੇ ਗਰੁੱਪਾਂ ਵਿਚ ਬੱਸ ਸਟੈਂਡ, ਰੇਲਵੇ ਸਟੇਸਨ ਅਤੇ ਮਾਡਲ ਟਾਊਨ ਗਰੁੱਪਾਂ ਵਿਚ ਨਵੇਂ ਠੇਕੇਦਾਰਾਂ ਵੱਲੋਂ ਐਂਟਰੀ ਕੀਤੀ ਜਾ ਚੁੱਕੀ ਹੈ, ਜਿਸ ਨਾਲ ਮਹਾਨਗਰ ਦੇ ਠੇਕੇਦਾਰਾਂ ਦਾ ਸਿੰਡੀਕੇਟ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਹੁਣ ਮਾਰਕਫੈੱਡ ਦੀ ਐਂਟਰੀ ਹੋਣ ਨਾਲ ਠੇਕੇਦਾਰਾਂ ਦੀ ਆਪਸੀ ਸਾਂਝ ਟੁੱਟਣੀ ਤੈਅ ਮੰਨੀ ਜਾ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਰਕਫੈੱਡ ਤੋਂ ਸੇਵਾ ਲੈਣ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਵਿਭਾਗ ਨੂੰ ਇਸ ਨਾਲ ਲਾਭ ਹੋਵੇਗਾ। ਅਧਿਕਾਰੀਆਂ ਨੇ ਕਿਹਾ ਕਿ ਜੇਕਰ ਇਸ ਵਾਰ ਠੇਕੇਦਾਰਾਂ ਨੇ ਗਰੁੱਪ ਖਰੀਦਣ ਵਿਚ ਦਿਲਚਸਪੀ ਨਾ ਵਿਖਾਈ ਤਾਂ ਵਿਭਾਗ ਮਾਰਕਫੈੱਡ ਰਾਹੀਂ ਜੋਤੀ ਚੌਕ ਗਰੁੱਪ ਦਾ ਸੰਚਾਲਨ ਸ਼ੁਰੂ ਕਰੇਗਾ। ਇਸ ਨਾਲ ਠੇਕੇਦਾਰਾਂ ਦੀ ਮਨਾਪਲੀ ਟੁੱਟਣਾ ਤੈਅ ਹੈ ਅਤੇ ਸਰਾਬ ਦੀਆਂ ਕੀਮਤਾਂ ਵਿਚ ਕਮੀ ਆਵੇਗੀ। ਅਧਿਕਾਰੀਆਂ ਨੇ ਕਿਹਾ ਕਿ ਨਵੀਂ ਐਕਸਾਈਜ ਪਾਲਿਸੀ ਵਿਚ 12 ਫੀਸਦੀ ਵਾਧਾ ਕਰਕੇ ਗਰੁੱਪ ਨੂੰ ਰੀਨਿਊ ਕਰਵਾਉਣ ਦਾ ਮੌਕਾ ਦਿੱਤਾ ਜਾ ਚੁੱਕਾ ਹੈ। ਇਸ ਤੋਂ ਬਾਅਦ ਦੋ ਵਾਰ ਕੀਮਤਾਂ ਘਟਾਈਆਂ ਜਾ ਚੁੱਕੀਆਂ ਹਨ। ਇਸ ਵਾਰ ਵਿਭਾਗ ਕੀਮਤਾਂ ਹੋਰ ਨਹੀਂ ਘਟਾਵੇਗਾ। ਉਥੇ ਹੀ, ਸਰਾਬ ਦੇ ਠੇਕਿਆਂ 'ਤੇ ਅਜੇ ਰੌਣਕ ਨਹੀਂ ਪਰਤੀ ਹੈ। ਦੱਸਿਆ ਜਾ ਰਿਹਾ ਹੈ ਕਿ ਜਲਦ ਠੇਕਿਆਂ 'ਤੇ ਰੌਣਕ ਪਰਤ ਆਵੇਗੀ। ਅਤਿ ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਸੁੱਕਰਵਾਰ ਨੂੰ ਐਕਸਾਈਜ ਕਮਿਸ਼ਨਰ ਵਰੁਣ ਰੂਜਮ ਨੇ ਫੀਲਡ ਵਿਚ ਆਉਂਦੇ ਹੋਏ ਪੰਜਾਬ ਦੇ ਵੱਖ-ਵੱਖ ਦਫਤਰਾਂ ਦਾ ਦੌਰਾ ਕਰ ਕੇ ਅਧਿਕਾਰੀਆਂ ਨਾਲ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਇਸ ਦੌਰਾਨ ਮਾਰਕਫੈੱਡ ਤੋਂ ਸਰਾਬ ਦੇ ਠੇਕੇ ਚਲਵਾਉਣ 'ਤੇ ਲੰਮੀ ਵਿਚਾਰ ਚਰਚਾ ਹੋਈ। ਐਕਸਾਈਜ ਵਿਭਾਗ ਵੱਲੋਂ ਬਾਕੀ ਬਚੇ 12 ਗਰੁੱਪਾਂ ਨੂੰ ਚਲਾਉਣ ਲਈ ਸਹਿਮਤੀ ਪ੍ਰਗਟਾਈ ਜਾ ਚੁੱਕੀ ਹੈ, ਜਿਸ ਕਾਰਨ ਵਿਭਾਗ ਸੋਮਵਾਰ ਸਾਮ ਨੂੰ ਠੇਕੇ ਖੁਦ ਚਲਾਉਣ ਦਾ ਐਲਾਨ ਕਰ ਸਕਦਾ ਹੈ।

ਪਠਾਨਕੋਟ ਦੇ ਸਰਹੱਦੀ ਖੇਤਰ 'ਚ ਜਿਲ੍ਹਾ ਅਤੇ ਜੇ. ਐਂਡ. ਕੇ. ਪੁਲਸ ਨੇ ਚਲਾਈ ਸਰਚ ਮੁਹਿੰਮ

ਪਠਾਨਕੋਟ 14 ਜੂਨ। ਪਾਕਿਸਤਾਨ ਦੇ ਅੰਤਰਰਾਸ਼ਟਰੀ ਸੀਮਾ ਨਾਲ ਲੱਗਦੇ ਮਹੱਤਵਪੂਰਨ ਕਸਬਾ ਬਮਿਆਲ ਦੇ ਬਲਾਕ ਨਰੋਟ ਜੈਮਲ ਸਿੰਘ ਦੇ ਪਿੰਡ ਗੁਗਰਾਂ ਦੇ ਨਜਦੀਕ ਰਾਵੀ ਦਰਿਆ ਦੇ ਨਾਲ ਲੱਗਦੇ ਖੇਤਰ 'ਚ ਥਾਣਾ ਨਰੋਟ ਜੈਮਲ ਸਿੰਘ ਦੀ ਪੁਲਸ ਵੱਲੋਂ ਘੇਰਾਬੰਦੀ ਕਰ ਦਿੱਤੀ ਗਈ। ਬੀਤੀ ਸਵੇਰੇ ਜ?ਿਲ੍ਹਾ ਪੁਲਸ ਮੁਖੀ ਹਰਕਮਲਪ੍ਰੀਤ ਸਿੰਘ ਖੱਖ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡੀ. ਐੱਸ. ਪੀ. (ਆਪ੍ਰੇਸ਼ਨ) ਸੁਖਰਾਜ ਸਿੰਘ ਢਿੱਲੋਂ ਦੀ ਅਗਵਾਈ ਹੇਠ ਕਮਾਂਡੋ ਟੀਮ ਅਤੇ ਜੰਮੂ-ਕਸ਼ਮੀਰ ਪੁਲਸ ਨਾਲ ਸਾਂਝੇ ਤੌਰ 'ਤੇ ਸਰਚ ਮੁਹਿੰਮ ਚਲਾਈ ਗਈ। ਜਾਣਕਾਰੀ ਅਨੁਸਾਰ ਦਰਿਆ ਕਿਨਾਰੇ ਡੇਰੇ ਬਣਾ ਕੇ ਰਹਿ ਰਹੇ ਗੁੱਜਰ ਭਾਈਚਾਰੇ ਦੇ ਇਕ ਨੌਜਵਾਨ ਜੋ ਕਿ ਗੁਗਰਾਂ 'ਚ ਇਕ ਸਟੋਨ ਕ੍ਰੈਸ਼ਰ 'ਤੇ ਕੰਮ ਕਰਦਾ ਹੈ, ਵੱਲੋਂ ਰਾਤ ਕਰੀਬ 8 ਵਜੇ ਇਕ ਡਰੋਨ ਵਰਗੀ ਚੀਜ ਹਵਾ 'ਚ ਉਡਦੀ ਹੋਈ ਦੇਖੀ ਗਈ, ਜੋ ਕਿ ਕਰੀਬ 5 ਮਿੰਟ ਹਵਾ 'ਚ ਉਡਦੀ ਹੋਈ ਰਾਵੀ ਦਰਿਆ ਵੱਲ ਚਲੀ ਗਈ, ਜਿਸ ਸਬੰਧੀ ਉਕਤ ਨੌਜਵਾਨ ਵੱਲੋਂ ਆਪਣੇ ਕ੍ਰੈਸ਼ਰ ਮਾਲਕ ਨੂੰ ਦੱਸਿਆ ਗਿਆ। ਉਨ੍ਹਾਂ ਇਸ ਦੀ ਸੂਚਨਾ ਥਾਣਾ ਨਰੋਟ ਜੈਮਲ ਸਿੰਘ ਪੁਲਸ ਨੂੰ ਦਿੱਤੀ। ਪੁਲਸ ਨੇ ਰਾਤ ਨੂੰ ਹੀ ਦਰਿਆ ਦੀ ਘੇਰਾਬੰਦੀ ਕਰਕੇ ਛਾਣਬੀਨ ਸ਼ੁਰੂ ਕਰ ਦਿੱਤੀ। ਥਾਣਾ ਮੁਖੀ ਅਜਵਿੰਦਰ ਸਿੰਘ ਨੇ ਦੱਸਿਆ ਕਿ ਸਰਹੱਦੀ ਖੇਤਰ 'ਚ ਡਰੋਨ ਦੀ ਸੂਚਨਾ ਮਿਲਦੇ ਹੀ ਪੁਲਸ ਵੱਲੋਂ ਘੇਰਾਬੰਦੀ ਕਰ ਦਿੱਤੀ ਗਈ ਸੀ। ਉਕਤ ਖੇਤਰ ਜੰਮੂ-ਕਸ਼ਮੀਰ ਦੇ ਨਾਲ ਲੱਗਾ ਹੋਣ ਕਾਰਨ ਇਸ ਦੀ ਸੂਚਨਾ ਜੰਮੂ ਪੁਲਸ ਨਾਲ ਸਾਂਝਾ ਕੀਤੀ ਗਈ ਅਤੇ ਸਵੇਰੇ ਕਮਾਂਡੋ ਟੀਮ ਅਤੇ ਜੰਮੂ-ਕਸ਼ਮੀਰ ਪੁਲਸ ਦੇ ਨਾਲ ਸਾਂਝੇ ਤੌਰ 'ਤੇ ਸਰਚ ਆਪ੍ਰੇਸ਼ਨ ਚਲਾ ਕੇ ਦਰਿਆ, ਗੁੱਜਰਾਂ ਦੇ ਡੇਰਿਆਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ ਨੂੰ ਬਾਰੀਕੀ ਨਾਲ ਖੰਗਾਲਿਆ ਗਿਆ। ਉਨ੍ਹਾਂ ਕਿਹਾ ਕਿ ਫ?ਿਲਹਾਲ ਪੁਲਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹਰ ਐਂਗਲ ਨਾਲ ਜਾਂਚ ਕਰ ਰਹੀ ਹੈ।

ਪੰਜਾਬ ਦੇ ਅਨੇਕਾਂ ਨੀਲੇ ਕਾਰਡ ਧਾਰਕਾਂ ਨੂੰ ਲੱਗੇਗਾ ਝਟਕਾ, ਰਾਸ਼ਨ ਡਿਪੂਆਂ 'ਤੇ ਨਹੀਂ ਮਿਲੇਗੀ ਸਹੂਲਤ

ਲੁਧਿਆਣਾ 14 ਜੂਨ। 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨਾਲ ਜੁੜੇ ਅਨੇਕਾਂ ਕਾਰਡ ਧਾਰਕਾਂ ਨੂੰ 31 ਮਾਰਚ ਤੋਂ ਬਾਅਦ ਰਾਸ਼ਨ ਡਿਪੂਆਂ 'ਤੇ ਕਣਕ ਦਾ ਲਾਭ ਨਹੀਂ ਮਿਲੇਗਾ ਕਿਉਂਕਿ ਸਰਕਾਰ ਵਲੋਂ ਰਾਸ਼ਨ ਕਾਰਡ ਧਾਰਕ ਪਰਿਵਾਰਾਂ ਨੂੰ 1 ਅਕਤੂਬਰ 2022 ਤੋਂ ਲੈ ਕੇ 31 ਮਾਰਚ 2023 ਤੱਕ ਲਈ ਨਿਰਧਾਰਿਤ ਕੀਤੇ ਗਏ 6 ਮਹੀਨਿਆਂ ਦੀ ਕਣਕ ਦੇਣ ਲਈ 31 ਮਾਰਚ ਤੱਕ ਦਾ ਸਮਾਂ ਡੈੱਡਲਾਈਨ ਦੇ ਤੌਰ 'ਤੇ ਨਿਰਧਾਰਿਤ ਕੀਤਾ ਹੈ। ਇੱਥੇ ਦੱਸਣਾ ਜ਼ਰੂਰੀ ਹੋਵਗਾ ਕਿ ਸਰਕਾਰ ਵਲੋਂ ਮੌਜੂਦਾ ਸਮੇਂ ਦੌਰਾਨ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨਾਲ ਜੁੜੇ ਲਾਭ ਪਾਤਰ ਪਰਿਵਾਰਾਂ ਨੂੰ 6 ਮਹੀਨਿਆਂ ਦੀ ਕਣਕ ਬਿਲਕੁਲ ਮੁਫਤ ਦਿੱਤੀ ਜਾ ਰਹੀ ਹੈ, ਜਿਸ ਦੇ ਤਹਿਤ ਰਾਸ਼ਨ ਕਾਰਡ 'ਚ ਦਰਜ ਹਰੇਕ ਮੈਂਬਰ ਨੂੰ 30 ਕਿੱਲੋ ਕਣਕ ਦੇਣ ਦਾ ਨਿਯਮ ਹੈ ਪਰ ਯੋਜਨਾ ਨੂੰ ਲੈ ਕੇ ਸ਼ੁਰੂ ਤੋਂ ਹੀ ਇਹ ਵਿਵਾਦ ਛਿੜਿਆ ਰਿਹਾ ਕਿ ਸਰਕਾਰ ਵਲੋਂ ਕਣਕ ਯੋਜਨਾ 'ਚ 30 ਫੀਸਦੀ ਦਾ ਭਾਰੀ ਕੱਟ ਲਗਾ ਦਿੱਤਾ ਗਿਆ ਹੈ। ਇਸ ਕਾਰਨ ਜ਼ਿਆਦਾਤਰ ਪਰਿਵਾਰਾਂ ਨੂੰ ਕਣਕ ਦੇ ਬਹੁਮੁੱਲੇ ਲਾਭ ਤੋਂ ਵਾਂਝੇ ਰਹਿਣਾ ਪਿਆ, ਜਿਸ ਦਾ ਖਾਮਿਆਜਾ ਜ਼ਿਆਦਾਤਰ ਡਿਪੂ

ਹੋਲਡਰਾਂ ਤੱਕ ਨੂੰ ਭੁਗਤਣਾ ਪਿਆ ਹੈ ਕਿਉਂਕਿ ਸਰਕਾਰ ਵਲੋਂ ਨੀਲੇ ਕਾਰਡ ਧਾਰਕਾਂ ਦੀ ਕਰਵਾਈ ਗਈ ਰੀ-ਵੈਰੀਫਿਕੇਸ਼ਨ ਦੌਰਾਨ ਜਿਨ੍ਹਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਉਨ੍ਹਾਂ ਨੇ ਇਸ ਦਾ ਕਸੂਰਵਾਰ ਡਿਪੂ ਹੋਲਡਰ ਨੂੰ ਠਹਿਰਾਉਂਦੇ ਹੋਏ ਉਨ੍ਹਾਂ ਨਾਲ ਬਹਿਸਬਾਜੀ ਕਰਨ ਸਮੇਤ ਲੜਾਈ-ਝਗੜੇ ਤੱਕ ਵੀ ਕੀਤੇ ਗਏ ਹਨ। 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨਾਲ ਜੁੜੇ ਜ਼ਿਆਦਾਤਰ ਪਰਿਵਾਰਾਂ ਨੂੰ ਸਰਕਾਰ ਵਲੋਂ ਵੰਡੀ ਜਾਣ ਵਾਲੀ ਅਗਲੇ ਫੇਸ ਦੀ ਕਣਕ ਦੌਰਾਨ ਭਾਰੀ ਝਟਕਾ ਲੱਗੇਗਾ ਕਿਉਂਕਿ ਵੈਰੀਫਿਕੇਸ਼ਨ ਦੌਰਾਨ ਰੱਦ ਕੀਤੇ ਗਏ ਜ਼ਿਆਦਾਤਰ ਰਾਸ਼ਨ ਕਾਰਡ ਧਾਰਕਾਂ ਦੇ ਨਾਂ ਫੂਡ ਸਪਲਾਈ ਵਿਭਾਗ ਦੇ ਰਿਕਾਰਡ 'ਚੋਂ ਕੱਟੇ ਨਹੀਂ ਜਾ ਸਕੇ ਸੀ। ਜਾਣਕਾਰੀ ਦਿੰਦਿਆਂ ਆਲ ਇੰਡੀਆ ਸ਼ੇਅਰ ਪ੍ਰਾਈਸ ਸ਼ਾਪ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਅੜੈਚਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਰੀ-ਵੈਰੀਫਿਕੇਸ਼ਨ 'ਚ ਕੱਟੇ ਗਏ ਰਾਸ਼ਨ ਕਾਰਡਾਂ ਦਾ ਮਿਲਾਨ ਵਿਭਾਗ ਦੇ ਡਾਟਾ ਨਾਲ ਕਰ ਕੇ ਉਹੀ ਕਾਰਡ ਰੱਦ ਕੀਤੇ ਜਾਣਗੇ, ਜਿਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਕਣਕ ਦਾ ਲਾਭ ਨਹੀਂ ਮਿਲ ਸਕੇਗਾ, ਜੋ ਕਿ ਲਾਭਪਾਤਰ ਪਰਿਵਾਰਾਂ ਦੇ ਨਾਲ ਹੀ ਡਿਪੂ ਹੋਲਰਡਾਂ ਲਈ ਵੱਡੀ ਮੁਸੀਬਤ ਦਾ ਕਾਰਨ ਬਣ ਸਕਦਾ ਹੈ।

ਘਰੇਲੂ ਝਗੜੇ ਕਾਰਨ ਵਿਅਕਤੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਹਮਲਾ

ਜ਼ੀਰਾ 14 ਜੂਨ। ਵਿਧਾਨ ਸਭਾ ਹਲਕਾ ਜ਼ੀਰਾ ਦੇ ਅਧੀਨ ਆਉਂਦੇ ਪਿੰਡ ਕੱਚਰ ਭੰਨ ਵਿਖੇ ਘਰੇਲੂ ਝਗੜੇ ਕਾਰਨ ਇਕ ਵਿਅਕਤੀ ਨੂੰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਇਸ ਸਬੰਧੀ ਥਾਣਾ ਸਦਰ ਜ਼ੀਰਾ ਪੁਲਸ ਨੇ ਇਕ ਵਿਅਕਕਤੀ ਨੂੰ ਗ੍ਰਿਫਤਾਰ ਕਰਕੇ ਦੋ ਖ?ਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਜਗਦੀਸ਼ ਸਿੰਘ ਪੁੱਤਰ ਕਿੱਕਰ ਸਿੰਘ ਵਾਸੀ ਪਿੰਡ ਕੱਚਰ ਭੰਨ ਨੇ ਦੱਸਿਆ ਕਿ ਉਸ ਦਾ ਦੋ ਵਿਅਕਤੀਆਂ ਨਾਲ ਘਰੇਲੂ ਝਗੜਾ ਚੱਲ ਰਿਹਾ ਹੈ। ਉਸ ਦੇ ਚਾਚੇ ਬਿੱਕਰ ਸਿੰਘ ਪੁੱਤਰ ਤੋਤਾ ਸਿੰਘ ਅਤੇ ਉਸ ਦੇ ਲੜਕੇ ਕੁਲਵਿੰਦਰ ਸਿੰਘ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਜ਼ਖਮੀਂ ਕਰ ਦਿੱਤਾ। ਜਗਦੀਸ਼ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋ ਖ?ਿਲਾਫ ਮਾਮਲਾ ਦਰਜ ਕਰਕੇ ਕੁਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

3 ਮਹੀਨੇ ਪਹਿਲਾਂ ਵਿਆਹੀ ਕੁੜੀ ਦੀ ਸਹੁਰਿਆਂ ਨੇ ਹੀ ਲੁੱਟੀ ਆਬਰੂ, ਧੀ ਦਾ ਹਾਲ ਦੇਖ ਮਾਂ ਦੇ ਉੱਡੇ ਹੋਸ਼

ਸਾਹਨੇਵਾਲ 14 ਜੂਨ। ਦਿਲ 'ਚ ਨਵੇਂ ਸੁਫਨੇ ਸੰਜੋਈ ਡੋਲੀ 'ਚ ਬੈਠ ਕੇ ਸਹੁਰੇ ਘਰ ਪੁੱਜੀ ਕੁੜੀ ਨੂੰ ਕੀ ਪਤਾ ਸੀ ਕਿ ਉਸ ਦੇ ਸਹੁਰੇ ਹੀ ਉਸ ਦੀ ਆਬਰੂ ਲੁੱਟ ਲੈਣਗੇ। ਸਿਰਫ ਇੰਨਾ ਹੀ ਨਹੀਂ ਸਹੁਰੇ ਪਰਿਵਾਰ ਦੇ ਜੀਅ ਨਸ਼ੇ ਦੀਆਂ ਗੋਲੀਆਂ ਦੇ ਕੇ ਕੁੜੀ ਨਾਲ ਜਬਰ-ਜ?ਿਨਾਹ ਕਰਦੇ ਸਨ। ਫਿਲਹਾਲ ਪੁਲਸ ਨੇ ਵਿਆਹੁਤਾ ਕੁੜੀ ਦੇ ਬਿਆਨਾਂ 'ਤੇ ਸਹੁਰੇ ਰਾਮ ਸਿੰਘ, ਦਿਓਰ ਰਾਕੇਸ਼, ਨਨਾਣ ਦੇ ਪੁੱਤਰ ਕਮਲ, ਵਿਚੋਲੇ ਉਮਕਾਰ ਸਿੰਘ ਖ?ਿਲਾਫ ਮਾਮਲਾ ਦਰਜ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਪੀੜਤ ਕੁੜੀ ਨੇ ਦੱਸਿਆ ਕਿ ਉਹ ਲੁਧਿਆਣਾ ਦੀ ਰਹਿਣ ਵਾਲੀ ਹੈ ਅਤੇ 3 ਮਹੀਨੇ ਪਹਿਲਾਂ ਉਸ ਦਾ ਵਿਆਹ ਰਾਜਸਥਾਨ ਦੇ ਹਨੂੰਮਾਨਗੜ੍ਹ ਇਲਾਕੇ 'ਚ ਹੋਇਆ ਸੀ। ਪੀੜਤਾ ਨੇ ਦੱਸਿਆ ਕਿ ਸਹੁਰੇ ਪਰਿਵਾਰ ਵਾਲੇ ਪਤੀ ਦੀ ਗੈਰ-ਹਾਜਰੀ 'ਚ ਉਸ ਨੂੰ ਪਰੇਸ਼ਾਨ ਕਰਨ ਲੱਗ ਪਏ। ਉਹ ਉਸ ਨੂੰ ਬੰਧਕ ਬਣਾ ਕੇ ਪਹਿਲਾਂ ਕੁੱਟਦੇ ਅਤੇ ਫਿਰ ਨਸ਼ੇ ਦੀਆਂ ਗੋਲੀਆਂ ਦੇ ਦਿੰਦੇ ਸਨ। ਇਸ ਤੋਂ ਬਾਅਦ ਉਸ ਦਾ ਸਹੁਰਾ, ਨਣਾਨ ਦਾ ਪੁੱਤਰ, ਦਿਓਰ ਅਤੇ ਵਿਚੋਲਾ ਮਿਲ ਕੇ ਉਸ ਨਾਲ ਜਬਰ-ਜ?ਿਨਾਹ ਕਰਦੇ ਸਨ। ਪੀੜਤਾ ਨੇ ਇਹ ਵੀ ਦੋਸ਼ ਲਾਇਆ ਕਿ ਦੋਸ਼ੀਆਂ ਨੇ ਉਸ ਦੇ ਖਾਤੇ 'ਚੋਂ 80 ਹਜਾਰ ਦੇ ਕਰੀਬ ਪੈਸੇ ਵੀ ਕੱਢਵਾ ਲਏ। 4 ਦਿਨ ਪਹਿਲਾਂ ਜਦੋਂ ਪੀੜਤਾ ਦੀ ਮਾਂ ਉਸ ਦੇ ਸਹੁਰੇ ਘਰ ਮਿਲਣ ਲਈ ਪੁੱਜੀ ਤਾਂ ਆਪਣੀ ਧੀ ਦੀ ਹਾਲਤ ਦੇਖ ਕੇ ਉਸ ਦੇ ਹੋਸ਼ ਉੱਡ ਗਏ। ਮਾਂ ਨੇ ਮੁਲਜਮਾਂ ਦੇ ਚੁੰਗਲ 'ਚੋਂ ਆਪਣੀ ਧੀ ਨੂੰ ਛੁਡਵਾਇਆ ਅਤੇ ਲੁਧਿਆਣਾ ਲੈ ਆਈ। ਇੱਥੇ ਥਾਣਾ ਸਾਹਨੇਵਾਲ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ। ਸਾਹਨੇਵਾਲ ਪੁਲਸ ਨੇ ਜੀਰੋ ਐੱਫ. ਆਈ. ਆਰ. ਦਰਜ ਕਰਕੇ ਮਾਮਲਾ ਰਾਜਸਥਾਨ ਪੁਲਸ ਨੂੰ ਭੇਜ ਦਿੱਤਾ ਹੈ। ਹੁਣ ਇਸ ਮਾਮਲੇ ਦੀ ਅਗ

ਸ਼ਹਿਦ ਦੀ ਮਿਲਾਵਟ ਖੋਰੀ ਰੋਕਣ ਲਈ ਆਗੂਆਂ ਨੇ ਏ.ਡੀ.ਸੀ ਨੂੰ ਦਿੱਤਾ ਮੰਗ ਪੱਤਰ

ਮਲੇਰਕੋਟਲਾ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਮਲੇਰ ਕੋਟਲਾ ਦੇ ਮਧੂ ਕ੍ਰਾਂਤੀ ਦੇ ਜ਼ਿਲ੍ਹਾ ਪ੍ਰਧਾਨ ਦਲਵਾਰਾ ਸਿੰਘ ਸੰਗਾਲਾ ਦੀ ਅਗਵਾਈ ਵਿੱਚ ਏ,ਡੀ,ਸੀ ਮਲੇਰਕੋਟਲਾ ਨੂੰ ਸਹਿਦ ਦੀ ਮਿਲਾਵਟ ਖੋਰੀ ਨੂੰ ਰੋਕਣ ਵਾਸਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਨਾਮ ਮੰਗ ਪੱਤਰ ਦਿੱਤਾ ਗਿਆ ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਦਲਵਾਰਾ ਸਿੰਘ ਸੰਗਾਲਾ ਨੇ ਕਿਹਾ ਕਿ ਜੋ ਵੀ ਭਰਾ ਮਧੂਮੱਖੀ ਦਾ ਉਦਯੋਗ ਕਰਦੇ ਹਨ ਉਹ ਪੂਰੀ ਇਮਾਨਦਾਰੀ ਨਾਲ ਮਾਰਕੀਟ ਵਿੱਚ ਵੇਚਦੇ ਹਨ ਪਰ ਕੁਝ ਕੁ ਮਧੂ(ਮਖਿਆਲ) ਮਿਲਾਵਟ ਵਾਲਾ ਆ ਰਿਹਾ ਹੈ ਸੋ ਸਰਕਾਰ ਨੂੰ ਮਿਲਾਵਟ ਕਰਨ ਵਾਲਿਆਂ ਤੇ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਹੋਣੋਂ ਬਚ ਸਕੇ।

ਉਹਨਾਂ ਸਰਕਾਰ ਨੂੰ ਬੇਨਤੀ ਕੀਤੀ ਕਿ ਮਿਲਾਵਟ ਕਰਨ ਵਾਲਿਆਂ ਤੇ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਆਮ ਲੋਕਾਂ ਦੀ ਜ਼ਿੰਦਗੀ ਖਲਵਾੜ ਹੋਣੋਂ ਬਚ ਸਕੇ ਇਸ ਮੌਕੇ ਉਹਨਾਂ ਨਾਲ ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਸਤਪਾਲ ਸ਼ਰਮਾ, ਜਸਵੀਰ ਸਿੰਘ ਸੰਗਾਲੀ, ਹਰਪਾਲ ਸਿੰਘ, ਸੌਦਾਗਰ ਸਿੰਘ ਸੰਗਾਲਾ, ਚਰਨਜੀਤ ਸਿੰਘ ,ਬਲਕਾਰ ਸਿੰਘ ,ਗੁਰਦੀਪ ਸਿੰਘ, ਮਨਪ੍ਰੀਤ ਸਿੰਘ, ਗੁਰਤੇਜ ਸਿੰਘ ਅਤੇ ਸੁਖਵਿੰਦਰ ਸਿੰਘ ਹਾਜਰ ਸਨ।

ਬਾਬਾ ਬਿਸ਼ਨ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਪਿੰਡ ਕਾਂਝਲੇ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ

ਮਲੇਰਕੋਟਲਾ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਕਈ ਦਿਨਾਂ ਤੋਂ ਪੰਜਾਬ ਚ ਗਰਮੀ ਦਾ ਪੱਧਰ ਲਗਾਤਾਰ ਵੱਧਣ ਕਰਕੇ ਚਾਰ ਚੁਫੇਰੇ ਗਰਮੀ ਕਾਰਨ ਹਾਹਾਕਾਰ ਮੱਚੀ ਪਈ ਹੈ ।ਗਰਮੀ ਤੋਂ ਰਾਹਤ ਪਾਉਣ ਲਈ ਅੱਜ ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਮੂਹ ਨਗਰ ਕਾਂਝਲੇ ਦੀਆਂ ਸੰਗਤਾਂ ਵੱਲੋਂ ਉਹਨਾਂ ਦੇ ਤਪ ਅਸਥਾਨ ਕੋਠੀ ਸਹਿਬ ਬਾਲੇਵਾਲ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸੇਵਾਦਾਰਾਂ ਵੱਲੋਂ ਵੱਧ ਚੜ੍ਹ ਕੇ ਆਪਣੀ ਸੇਵਾ ਨਿਭਾਉਂਦੇ ਦਿਖਾਈ ਦਿੱਤੇ। ਛਬੀਲ ਤੇ ਸੇਵਾ ਕਰ ਰਹੇ ਸੇਵਾਦਾਰਾਂ ਵੱਲੋਂ ਰਾਹਗੀਰਾਂ ਨੂੰ ਰੋਕ ਰੋਕ ਕੇ ਜਲ ਛਕਾਇਆ ਗਿਆ ਜੋ ਕਿ ਬਹੁਤ ਪੁੰਨ ਦਾ ਕੰਮ ਹੈ।ਇਹ ਛਬੀਲ ਸਾਰਾ ਦਿਨ ਚੱਲੀ ਜਿਸ ਵਿੱਚ ਹਰ ਵਰਗ ਦੇ ਬੱਚਿਆਂ, ਨੌਜਵਾਨਾਂ , ਅਤੇ ਬਜ਼ੁਰਗਾਂ ਨੇ ਆਪਣਾ ਯੋਗਦਾਨ ਪਾਇਆ। ਇਸ ਛਬੀਲ ਦਾ ਰਾਹਗੀਰਾਂ ਨੇ ਭਰਪੂਰ ਆਨੰਦ ਮਾਣਿਆ। ਇਸ ਮੌਕੇ ਪ੍ਰਧਾਨ ਬਾਬਾ ਪਾਲਾ ਸਿੰਘ, ਕਰਨੈਲ ਸਿੰਘ, ਅਵਤਾਰ ਸਿੰਘ, ਸੁਖਵਿੰਦਰ ਕਾਂਝਲਾ, ਗੁਰਵਿੰਦਰ ਗਰਗ, ਮੱਖਣ ਗਰਗ ਮਲੇਰਕੋਟਲਾ, ਮਹੁੰਮਦ ਸਲੀਮ ਮਲੇਰਕੋਟਲਾ, ਸੁਖਦੇਵ ਸਿੰਘ, ਮਿੱਠੂ ਸਿੰਘ, ਬਿੱਟੂ ਮਾਸਟਰ, ਤੇਜ਼ਾ ਸਿੰਘ, ਗੋਨੀ ਸਿੰਘ, ਸਰਬਜੀਤ ਸਿੰਘ, ਗੰਨੂ ਕਾਂਝਲਾ, ਬੱਗਾ ਸਿੰਘ, ਕਾਲਾ ਸਿੰਘ, ਜੱਸਾ ਸਿੰਘ, ਨੰਬਰਦਾਰ ਪੱਪੂ,ਗਗਨ, ਚਮਕੌਰ ਸਿੰਘ, ਜਸਵਿੰਦਰ ਕੌਰ, ਮਹਿੰਦਰ ਕੌਰ, ਗੁਰਦੇਵ ਕੌਰ, ਪ੍ਰੀਤਮ ਕੌਰ, ਹਾਜ਼ਰ ਸਨ।

ਮੈਜੈਂਟਾ ਮੋਬਿਲਿਟੀ ਟਾਟਾ ਮੋਟਰਜ਼ ਨਾਲ ਆਪਣੀ ਭਾਈਵਾਲੀ ਨੂੰ ਮਜ਼ਬੂਤ ਕੀਤਾ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੈਜੇਂਟਾ ਮੋਬਿਲਿਟੀ, ਇੱਕ ਏਕੀਕ੍ਰਿਤ ਇਲੈਕਟ੍ਰਿਕ ਮੋਬਿਲਿਟੀ ਹੱਲ ਪ੍ਰਦਾਤਾ, ਨੇ ਭਾਰਤ ਦੀ ਸਭ ਤੋਂ ਵੱਡੀ ਵਪਾਰਕ ਵਾਹਨ ਨਿਰਮਾਤਾ ਕੰਪਨੀ ਟਾਟਾ ਮੋਟਰਜ਼ ਨਾਲ ਆਪਣੀ ਭਾਈਵਾਲੀ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਸਹਿਯੋਗ ਦੇ ਤਹਿਤ, ਮੈਜੇਂਟਾ 100 ਤੋਂ ਵੱਧ ਵਾਹਨਾਂ ਦੀ ਵਰਤੋਂ ਕਰੇਗੀ। ਇਸ ਵਿੱਚ Ace EV ਦੇ 60 ਤੋਂ ਵੱਧ ਵਾਹਨ ਅਤੇ ਹਾਲ ਹੀ ਵਿੱਚ ਲਾਂਚ ਕੀਤੇ Ace EV 1000 ਦੇ 40 ਤੋਂ ਵੱਧ ਵਾਹਨ ਸ਼ਾਮਲ ਹਨ। ਇਨ੍ਹਾਂ ਵਾਹਨਾਂ ਨੂੰ ਅਕਤੂਬਰ 2023 ਵਿੱਚ ਦੋਵਾਂ ਸੰਸਥਾਵਾਂ ਦਰਮਿਆਨ ਹਸਤਾਖਰ ਕੀਤੇ ਗਏ ਸਮਝੌਤਾ ਪੱਤਰ (ਐਮਓਯੂ) ਦੇ ਤਹਿਤ ਮੈਜੇਂਟਾ ਦੇ ਪੋਰਟਫੋਲੀਓ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਸਹਿਮਤੀ ਪੱਤਰ ਦੇ ਤਹਿਤ, ਮੈਜੇਂਟਾ ਦੇ ਪੋਰਟਫੋਲੀਓ ਵਿੱਚ ਕ੍ਰਾਂਤੀਕਾਰੀ Tata Ace EV ਦੇ 500 ਵਾਹਨਾਂ ਨੂੰ ਸ਼ਾਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਸਾਂਝੇਦਾਰੀ ਬਾਰੇ ਆਪਣੇ ਉਤਸ਼ਾਹ ਦਾ ਪ੍ਰਗਟਾਵਾ ਕਰਦੇ ਹੋਏ, ਮੈਜੇਂਟਾ ਮੋਬਾਈਲ ਦੇ ਸੰਸਥਾਪਕ ਅਤੇ ਸੀਈਓ, ਸ਼੍ਰੀ ਮੈਕਸਨ ਲੁਈਸ ਨੇ ਕਿਹਾ, "ਅਸੀਂ ਟਾਟਾ ਮੋਟਰਜ਼ ਦੇ ਨਾਲ ਆਪਣੀ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਬਹੁਤ ਉਤਸ਼ਾਹਿਤ ਹਾਂ। ਇਹ ਦੇਸ਼ ਭਰ ਵਿੱਚ ਗਤੀਸ਼ੀਲਤਾ ਲਈ ਸੁਰੱਖਿਅਤ, ਸਮਾਰਟ ਅਤੇ ਟਿਕਾਊ ਹੱਲ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਘੋਸ਼ਣਾ 'ਤੇ ਟਿੱਪਣੀ ਕਰਦੇ ਹੋਏ, ਸ਼੍ਰੀ ਵਿਨੈ ਪਾਠਕ, ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ, SCVPU, ਟਾਟਾ ਮੋਟਰਜ਼ ਨੇ ਕਿਹਾ, "ਮੈਜੇਂਟਾ ਮੋਬਿਲਿਟੀ ਦੇ ਨਾਲ ਸਾਡੀ ਭਾਈਵਾਲੀ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦੇ ਹੋਏ, ਸਾਨੂੰ ਸਾਡੇ ਵਾਹਨ ਪੋਰਟਫੋਲੀਓ ਵਿੱਚ Tata Ace EV ਨੂੰ ਸ਼ਾਮਲ ਕਰਨ 'ਤੇ ਬਹੁਤ ਮਾਣ ਹੈ। ਮਾਣ ਮਹਿਸੂਸ ਕਰ ਰਿਹਾ ਹੈ। ਇਹ ਉੱਨਤ, ਜ਼ੀਰੋ-ਐਮਿਸ਼ਨ ਗਤੀਸ਼ੀਲਤਾ ਹੱਲਾਂ ਰਾਹੀਂ ਸ਼ਹਿਰੀ ਗਤੀਸ਼ੀਲਤਾ ਹੱਲਾਂ ਵਿੱਚ ਕ੍ਰਾਂਤੀ ਲਿਆਉਣ ਲਈ ਸਾਡੇ ਸਾਂਝੇ ਦ੍ਰਿਸ਼ਟੀਕੋਣ ਨੂੰ ਹੋਰ ਮਜ਼ਬੂਤ ਕਰਦਾ ਹੈ।

ਵਿਜੀਲੈਂਸ ਬਿਊਰੋ ਨੇ ASI ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਕੀਤਾ ਕਾਬੂ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਮੰਗਲਵਾਰ ਨੂੰ ਬਰਨਾਲਾ ਜ਼ਿਲ੍ਹੇ ਦੇ ਥਾਣਾ ਧਨੌਲਾ ਵਿਖੇ ਤਾਇਨਾਤ ਇੱਕ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਨਿਰਮਲ ਸਿੰਘ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਰਾਜੇਸ਼ ਕੁਮਾਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਹੈ ਕਿ ਉਸਦੇ ਚਚੇਰੇ ਭਰਾ ਖਿਲਾਫ ਥਾਣਾ ਧਨੌਲਾ ਵਿਖੇ ਪੁਲਿਸ ਕੇਸ ਦਰਜ ਹੈ ਅਤੇ ਉਕਤ ਏ.ਐਸ.ਆਈ ਨੇ ਉਸ ਪਾਸੋਂ 10,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਨਹੀਂ ਤਾਂ ਉਸਦੇ ਖਿਲਾਫ ਵੀ ਮਾਮਲਾ ਦਰਜ ਕੀਤਾ ਜਾਵੇਗਾ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਏਐਸਆਈ ਨਿਰਮਲ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਇਸ ਸਬੰਧੀ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਜਾਰੀ ਹੈ।

ਪੀੜਤਾਂ ਦੀ ਮਦਦ ਕਰਨ ਲਈ ਬੱਚਿਆਂ 'ਚ ਜਾਗ ਰਿਹੈ ਵਿਸ਼ਵਾਸ : ਪ੍ਰਿੰਸੀਪਲ ਮੰਜੂ ਗਰਗ

ਪਟਿਆਲਾ, 14 ਜੂਨ
-ਨਿਊਜ਼ਲਾਈਨ ਐਕਸਪ੍ਰੈਸ-

ਗਰੀਨ ਲੈਂਡ ਪਬਲਿਕ ਸੀਨੀਅਰ ਸੈਕੇਂਡਰੀ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਨੇ ਡੈਂਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਪਟਿਆਲਾ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਅਤੇ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ?ਦੇ ਚੀਫ਼ ਟ ?ਰੇਨਰ ਸ੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ ?ਰੇਨਿੰਗ ਅਫ਼ਸਰ ਰੈਡ ਕਰਾਸ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀ ਲੜਕੀ ਲੱਵਜੀਤ ਕੋਰ ਅਤੇ ਪਵਨੀਤ ਕੌਰ ਨੂੰ ਆਪਣੇ ਸਕੂਲ ਦੇ ਇੱਕ ਬੱਚੇ ਨੂੰ ਕਿੰਡਨਪਿੰਗ ਹੋਣ ਤੋਂ ਬਚਾਇਆ ਸੀ ਜਿਸ ਹਿੱਤ ਡੀ ਬੀ ਜੀ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਅਤੇ ਸਕੱਤਰ ਸ੍ਰੀ ਹਰਪ੍ਰੀਤ ਸੰਧੂ ਵਲੋਂ ਉਨ੍ਹਾਂ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਗੋਲਡ ਮੈਡਲ ਦੇਕੇ ਸਨਮਾਨਿਤ ਕੀਤਾ।

ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਨੇ ਦੱਸਿਆ ਕਿ ਫਰਵਰੀ ਵਿੱਚ ਇਸੇ ਸਕੂਲ ਦੀ ਜਸਮੀਨ ਕੌਰ ਨੂੰ ਕੀਮਤੀ ਜਾਨਾਂ ਬਚਾਉਣ ਲਈ ਡੀ ਬੀ ਜੀ ਸੰਸਥਾ ਵਲੋਂ ਪ੍ਰਸ਼ੰਸਾ ਪੱਤਰ ਅਤੇ ਗੋਲਡ ਮੈਡਲ ਦੇਕੇ ਸਨਮਾਨਿਤ ਕੀਤਾ ਕਿਉਂਕਿ ਇਸ ਲੜਕੀ ਨੇ ਆਪਣੇ ਪੜੋਸੀ ਦੀ ਦੋ ਸਾਲ ਦੀ ਬੱਚੀ ਜੋਂ ਮੰਜ਼ੇ ਤੋਂ ਡਿਗ ਕੇ ਬੇਹੋਸ਼ ਹੋ ਗਈ ਸੀ ਨੂੰ ਫ਼ਸਟ ਏਡ, ਸੀ ਪੀ ਆਰ ਅਤੇ ਬਨਾਉਟੀ ਸਾਹ ਦੇਕੇ, ਮਰਨ ਤੋਂ ਬਚਾਇਆ ਸੀ।

ਪੰਜਾਬ ਸਰਕਾਰ ਦਿਵਿਆਂਗਜਨਾਂ ਦੇ ਬੈਕਲਾਗ ਦੀਆਂ ਅਸਾਮੀਆਂ ਨੂੰ ਭਰਨ ਲਈ ਸ਼ੁਰੂ ਕਰੇਗੀ ਵਿਸ਼ੇਸ਼ ਮੁਹਿੰਮ

ਸਿੱਧੀ ਭਰਤੀ ਅਤੇ ਤਰੱਕੀ ਵਿੱਚ ਦਿਵਿਆਂਗ ਵਿਅਕਤੀਆਂ ਲਈ 4 ਫੀਸਦੀ ਰਾਖਵਾਂਕਰਨ ਯਕੀਨੀ ਬਣਾਇਆ ਜਾਵੇਗਾ: ਡਾ.ਬਲਜੀਤ ਕੌਰ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਵਿੱਚ ਸਾਰਿਆਂ ਲਈ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਜੋਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਿਵਿਆਂਗ ਵਿਅਕਤੀਆਂ ਲਈ ਖਾਲੀ ਰਾਖ਼ਵੀਆਂ ਅਸਾਮੀਆਂ ਨੂੰ ਭਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ। ਆਰ.ਪੀ.ਡਬਲਿਊ.ਡੀ. ਐਕਟ 2016 ਦੀ ਧਾਰਾ 34 ਤਹਿਤ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਸਿੱਧੀ ਭਰਤੀ ਅਤੇ ਤਰੱਕੀ ਦੋਵਾਂ ਵਿੱਚ ਪੀ.ਡਬਲਯੂ.ਡੀ. ਲਈ 4 ਫੀਸਦੀ ਰਾਖਵਾਂਕਰਨ ਰੱਖਿਆ ਗਿਆ ਹੈ।

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਰੋਸਟਰ ਰਜਿਸਟਰ ਦੀ ਤਸਦੀਕ ਕਰਨ ਉਪਰੰਤ, ਦਿਵਿਆਂਗ ਵਿਅਕਤੀਆਂ ਲਈ ਰਾਖਵੀਆਂ ਅਸਾਮੀਆਂ ਦੇ ਬੈਕਲਾਗ ਦਾ ਪਤਾ ਲਗਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿਭਾਗਾਂ, ਨਿਗਮਾਂ ਅਤੇ ਬੋਰਡਾਂ ਦੀਆਂ ਰਿਪੋਰਟਾਂ ਅਨੁਸਾਰ ਸਿੱਧੀ ਭਰਤੀ ਲਈ 1721 ਅਸਾਮੀਆਂ ਅਤੇ ਤਰੱਕੀ ਲਈ 536 ਅਸਾਮੀਆਂ ਉਪਲੱਬਧ ਹਨ।

ਮੰਤਰੀ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਵਿਭਾਗ ਨੇ ਇਸ ਬੈਕਲਾਗ ਜਾਣਕਾਰੀ ਦੀ ਪੁਸ਼ਟੀ ਅਤੇ ਤਸਦੀਕ ਕਰਨ ਲਈ ਸੂਬੇ ਦੇ ਸਾਰੇ ਵਿਭਾਗਾਂ ਤੱਕ ਪਹੁੰਚ ਕੀਤੀ ਹੈ। ਇਸ ਉਪਰੰਤ ਇਹ ਡਾਟਾ ਇਹਨਾਂ ਅਸਾਮੀਆਂ ਲਈ ਯੋਗ ਵਿਅਕਤੀਆਂ ਦੀ ਭਰਤੀ ਲਈ ਅਧੀਨ

ਸੇਵਾਵਾਂ ਚੋਣ ਬੋਰਡ ਨੂੰ ਭੇਜ ਦਿੱਤਾ ਜਾਵੇਗਾ।

ਮੰਤਰੀ ਨੇ ਅੱਗੇ ਦੱਸਿਆ ਕਿ 87 ਵਿਭਾਗਾਂ, ਕਾਰਪੋਰੇਸ਼ਨਾਂ ਅਤੇ ਬੋਰਡਾਂ ਨੇ ਆਪਣੀ ਬੈਕਲਾਗ ਅਸਾਮੀਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬਾਕੀ ਵਿਭਾਗਾਂ ਤੋਂ ਡਾਟਾ ਇਕੱਤਰ ਕਰਨ ਅਤੇ ਤਸਦੀਕ ਕਰਨ ਲਈ ਯਤਨ ਜਾਰੀ ਹਨ। ਸਭ ਤੋਂ ਵੱਧ ਬੈਕਲਾਗ ਅਸਾਮੀਆਂ ਵਾਲੇ ਵਿਭਾਗਾਂ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਡਾਇਰੈਕਟਰ ਪਬਲਿਕ ਹਦਾਇਤਾਂ (ਐਲੀਮੈਂਟਰੀ), ਅਤੇ ਡਾਇਰੈਕਟਰ ਪਬਲਿਕ ਹਦਾਇਤਾਂ (ਸੈਕੰਡਰੀ) ਸ਼ਾਮਲ ਹਨ।

ਕੈਬਨਿਟ ਮੰਤਰੀ ਨੇ ਸਮੋਂ ਸਿਰ ਤਸਦੀਕ ਪ੍ਰਕਿਰਿਆ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪਾਹਜਤਾ ਸੈੱਲ) ਨੂੰ ਵਿਸ਼ੇਸ਼ ਤੌਰ 'ਤੇ ਹਦਾਇਤ ਕੀਤੀ ਹੈ ਕਿ ਤਸਦੀਕੀ ਪ੍ਰਕਿਰਿਆ ਨੂੰ ਤੁਰੰਤ ਮੁਕੰਮਲ ਕੀਤਾ ਜਾਵੇ। ਇਸ ਪਹਿਲਕਦਮੀ ਨਾਲ ਇਹਨਾਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਵੇਗੀ ਅਤੇ ਪੰਜਾਬ ਵਿੱਚ ਦਿਵਿਆਂਗ ਵਿਅਕਤੀਆਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ।

ਇਹ ਪਹਿਲਕਦਮੀ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦਾ ਸਮਰਥਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਡਾ.ਬਲਜੀਤ ਕੌਰ ਨੇ ਕਿਹਾ ਕਿ ਦਿਵਿਆਂਗਜਨਾਂ ਲਈ ਇਨ੍ਹਾਂ ਬੈਕਲਾਗ ਅਸਾਮੀਆਂ ਨੂੰ ਭਰ ਕੇ, ਪੰਜਾਬ ਸਰਕਾਰ ਦਾ ਉਦੇਸ਼ ਰੁਜ਼ਗਾਰ ਦੇ ਬਰਾਬਰ ਮੌਕੇ ਪੈਦਾ ਕਰਨ ਅਤੇ ਸਮਾਜਿਕ ਭਲਾਈ ਸਬੰਧੀ ਮਾਪਦੰਡ ਸਥਾਪਤ ਕਰਨਾ ਹੈ।

ਸਮਾਜ ਸੇਵੀ ਚਰਨ ਸਿੰਘ ਗੁਪਤਾ ਅਤੇ ਵਿਧਾਇਕ ਦੇਵ ਮਾਨ ਨੇ ਕੀਤਾ ਫੂਡ ਕਲਾਕਾਰ ਰੈਸਟੋਰੈਂਟ ਦਾ ਉਦਘਾਟਨ - ਹੁਣ ਨਾਭਾ ਵਿਖੇ ਗਾਹਕਾ ਨੂੰ ਮਿਲੇਗਾ ਵਧੀਆ ਕੁਆਲੀਟੀ ਤੇ ਵਾਜਵ ਰੇਟਾਂ ਖਾਣ ਪੀਣ ਦਾ ਸਮਾਨ : ਦੇਵ ਮਾਨ

ਨਾਭਾ, 14 ਜੂਨ
**-ਕੌਮੀ ਪੱਤ੍ਰ

ਰਾਗ ਨਾਦ ਸਬਦਿ ਸੋਹਲੇ 19

ਇਕਵਾਕ ਸਿੰਘ ਪੱਟੀ

ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 19ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਨਟ ਨਰਾਇਣ' ਬਾਰੇ...

ਰਾਗ ਨਟ ਨਰਾਇਣ

ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਰਾਗ ਨਟ ਨਰਾਇਣ ਉਨੀਵੇਂ ਸਥਾਨ ਤੇ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ਨੰਬਰ 975 ਤੋਂ ਲੈ ਕੇ 983 ਤਕ ਬਾਣੀ ਰਾਗ ਨਟ ਨਰਾਇਣ ਅਧੀਨ ਦਰਜ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਸ਼ਾਮਲ ਹੈ। ਇਸ ਰਾਗ ਵਿਚ 'ਨਟ ਨਰਾਇਣ ਮਹਲਾ 4 ਪੜਤਾਲ' ਅਤੇ 'ਨਟ ਅਸਟਪਦੀਆ ਮਹਲਾ 4' ਦੇ ਰੂਪ ਵਿਚ ਬਾਣੀ ਦਰਜ ਹੈ। ਰਾਗ ਨਟ ਦੇ ਅੰਤਰਗਤ ਵੀ ਬਾਣੀ ਇਸੇ ਰਾਗ ਨਟ ਨਰਾਇਣ ਅਧੀਨ ਆਉਂਦੀ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਰਾਗ ਨਟ ਦਾ ਨਾਮ ਪ੍ਰਚਲਿਤ ਹੈ ਪਰ ਨਟ ਨਰਾਇਣ ਕੇਵਲ ਗੁਰਮਤਿ ਸੰਗੀਤ ਤਕ ਸੀਮਿਤ ਹੈ ਅਤੇ ਭਾਰਤੀ ਸੰਗੀਤ ਵਿਚ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਪ੍ਰੋ. ਕਰਤਾਰ ਸਿੰਘ ਅਨੁਸਾਰ, 'ਨਟ ਨਰਾਇਣ ਦਾ ਚਿੱਤਰ ਜੰਗ ਦੇ ਮੈਦਾਨ ਵਿਚ ਲੜਨ ਜਾ ਰਹੇ ਯੋਧੇ ਵਾਂਗ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਗੁਨਾਹਾਂ ਵਿਰੁੱਧ ਲੜਾਈ ਕਦੇ ਵੀ ਨਾ ਖ਼ਤਮ ਹੋਣ ਵਾਲੀ ਹੈ ਪਰ ਜਿਹੜੇ ਗੁਰੂ ਦੇ ਲੜ ਲੱਗ ਜਾਂਦੇ ਹਨ, ਉਨ੍ਹਾਂ ਦੇ ਦੁੱਖ ਦੂਰ ਹੋ ਜਾਂਦੇ ਹਨ।' ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਦੇ ਪੰਨਾ ਨੰਬਰ 680 ਅਨੁਸਾਰ, 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਟ ਰਾਗ 'ਚ ਹੀ ਗੁਰੂ ਸਾਹਿਬ ਨੇ ਇਸ ਰਾਗ ਨੂੰ ਲਿਖਿਆ ਹੈ ਅਤੇ ਗੁਰਮਤਿ ਸੰਗੀਤ ਅਨੁਸਾਰ ਇਹ ਕਮਾਚ ਥਾਟ ਦਾ ਔੜਵ ਸਾੜਵ ਰਾਗ ਹੈ। ਆਰੋਹ ਵਿਚ ਗਾਂਧਾਰ ਅਤੇ ਨਿਸ਼ਾਦ ਵਰਜਿਤ ਹੈ ਅਤੇ ਵਰੋਹ ਵਿਚ ਕੇਵਲ ਗਾਂਧਾਰ ਵਰਜਿਤ ਹੈ। ਰਿਸ਼ਭ ਵਾਦੀ ਸੁਰ ਹੈ। ਇਸ ਵਿਚ ਕੁਝ ਸਾਰੰਗ ਦੀ ਝਲਕ ਹੈ। ਨਿਸ਼ਾਦ ਕੋਮਲ, ਬਾਕੀ ਸਾਰੇ ਸ਼ੁੱਧ ਸੁਰ ਹਨ। ਇਸ ਦੇ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।' •

98150-24920

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

ਸ਼ਹੀਦੀ ਜੋੜ ਮੇਲ 'ਤੇ ਵਿਸ਼ੇਸ਼

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਅਨੇਕਾਂ ਕਾਰਨ ਹਨ ਪਰ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ। ਜਹਾਂਗੀਰ ਮੌਕੇ ਦੀ ਭਾਲ 'ਚ ਸੀ ਕਿ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖ਼ਤਮ ਕਰ ਦੇਵੇ। ਇਹ ਬਹਾਨਾ ਉਸ ਨੂੰ ਆਪਣੇ ਪੁੱਤਰ ਖੁਸਰੋ ਦੀ ਬਗ਼ਾਵਤ ਵਿੱਚੋਂ ਮਿਲਿਆ...

ਸਿੱਖ ਧਰਮ ਅੰਦਰ 'ਸ਼ਹਾਦਤ' ਸ਼ਬਦ ਬਹੁਤ ਸਤਿਕਾਰ ਭਰਿਆਹੈ। ਸਿੱਖੀ ਅੰਦਰ ਇਸ ਸ਼ਬਦ ਦੀ ਵਰਤੋਂ ਸੱਚ ਦੀ ਅਵਾਜ਼ ਬੁਲੰਦ ਰੱਖਣ ਲਈ ਦਿੱਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਹੈ ਤੇ ਇਹ ਗਵਾਹੀ ਕੋਈ ਆਮ ਨਹੀਂ ਸਗੋਂ ਸਮਾਜਕ ਸਰੋਕਾਰਾਂ ਦੇ ਨਾਲ-ਨਾਲ ਰੂਹਾਨੀਅਤ ਨਾਲ ਵੀ ਲਬਰੇਜ਼ ਹੈ। ਹੱਕ, ਸੱਚ, ਧਰਮ ਤੇ ਮਨੁੱਖੀ ਆਜ਼ਾਦੀ ਦੀ ਰੱਖਿਆ ਦੇ ਉੱਚੇ ਆਦਰਸ਼ ਲਈ ਜੀਵਨ ਦੀ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਗੁਰੂ ਹਨ। ਉਨ੍ਹਾਂ ਵੱਲੋਂ ਦਿੱਤੀ ਗਈ ਸ਼ਹਾਦਤ ਸਿੱਖ ਕੌਮ ਲਈ ਉਹ ਸ਼ਕਤੀ ਬਣ ਕੇ ਉੱਭਰੀ ਜਿਸ ਤੋਂ ਅਗਵਾਈ ਲੈ ਕੇ ਸਿੱਖ ਪੰਥ ਨੇ ਸ਼ਹਾਦਤਾਂ ਦੀ ਅਜਿਹੀ ਲੜੀ ਸਿਰਜੀ, ਜਿਸ ਦਾ ਦੁਨੀਆ ਦੇ ਇਤਿਹਾਸ ਅੰਦਰ ਹੋਰ ਕੋਈ ਮੁਕਾਬਲਾ ਨਹੀ ਕਰ ਸਕਿਆ।

ਅਸਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲਿਆ ਆ ਰਿਹਾ ਹਕੂਮਤ ਦਾ ਵਿਰੋਧ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿਖ਼ਰ 'ਤੇ ਪੁੱਜ ਗਿਆ। ਗੁਰੂ ਜੀ ਨੂੰ ਪ੍ਰਿਥੀ ਚੰਦ, ਸੁਲਹੀ ਖ਼ਾਨ ਤੇ ਚੰਦੂ ਆਦਿ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਗੁਰੂ ਸਾਹਿਬ ਨੇ ਜਦੋਂ ਸਿੱਖ ਕੌਮ ਨੂੰ ਜਥੇਬੰਦ ਕਰਨ ਦੀਆਂ ਤਿਆਰੀਆਂ ਆਰੰਭੀਆਂ ਤਾਂ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਸਿਖ਼ਰ 'ਤੇ ਪੁੱਜ ਗਈ। ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੂਰਾ ਜੀਵਨ ਇਕ ਸੰਘਰਸ਼ਮਈ ਜੀਵਨ ਰਿਹਾ ਪਰ ਸ਼ਾਂਤੀ ਦੇ ਸਾਗਰ, ਨਿਮਰਤਾ ਦੇ ਪੁੰਜ, ਪਰਉਪਕਾਰੀ ਸਤਿਗੁਰਾਂ ਨੇ ਅਜਿਹੇ ਕਠਿਨਾਈਆਂ ਭਰੇ ਸਮੇਂ ਵਿਚ ਵੀ ਸਿੱਖ ਧਰਮ ਦੇ ਵਿਕਾਸ ਲਈ ਆਪਣਾ ਜੀਵਨ ਸਮਰਪਣ ਕਰ ਦਿੱਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਜਿਥੇ ਉੱਚ ਆਤਮਿਕ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ, ਉਥੇ ਹੀ ਸਿੱਖੀ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਾਰਜ ਕੀਤੇ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਏ ਨਗਰ 'ਗੁਰੂ ਕਾ ਚੱਕ' ਨੂੰ 'ਚੱਕ ਰਾਮਦਾਸ/ਰਾਮਦਾਸਪੁਰ' ਦਾ ਨਾਂ ਦੇ ਕੇ ਇਸ ਦਾ ਵਿਕਾਸ ਕਰਨਾ ਆਪ ਦੀ ਹੀ ਦੇਣ ਹੈ, ਜੋ ਬਾਅਦ ਵਿਚ ਸ੍ਰੀ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸ ਦੇ ਨਾਲ ਹੀ ਪੰਜਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਤਿਆਰ ਕਰਵਾਏ ਜਾ ਰਹੇ ਅੰਮ੍ਰਿਤ ਸਰੋਵਰ ਦੀ ਸੰਪੂਰਨਤਾ ਕਰਵਾ ਕੇ ਇਸ ਦੇ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਆਪ ਵਲੋਂ ਕੀਤੇ ਗਏ ਅਹਿਮ ਕਾਰਜਾਂ 'ਚੋਂ ਇਕ ਮਹਾਨ ਕੰਮ (ਆਦਿ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵੀ ਹੈ। ਇਸੇ ਤਰ੍ਹਾਂ ਆਪ ਨੇ ਵੱਖ-ਵੱਖ ਸ਼ਹਿਰਾਂ ਦੀ ਸਥਾਪਨਾ ਕੀਤੀ, ਸਰੋਵਰ ਬਣਵਾਏ ਤੇ ਸਿੱਖਾਂ ਨੂੰ ਵਾਪਰ ਲਈ ਪ੍ਰੇਰਿਆ। ਆਪ ਵਲੋਂ 30 ਰਾਗਾਂ ਵਿਚ ਰਚੀ ਗਈ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੁਸ਼ੋਭਿਤ ਹੈ।

ਇਨ੍ਹਾਂ ਸਭ ਕਾਰਜਾਂ ਸਮੇਤ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਲਈ ਆਪ ਨੇ ਅਨੇਕਾਂ ਹੋਰ ਕਾਰਜ ਵੀ ਕੀਤੇ। ਪਰਉਪਕਾਰੀ ਸਤਿਗੁਰੂ ਅਰਜਨ ਦੇਵ ਜੀ ਦੀ ਵਡਿਆਈ ਵਿਰੋਧੀਆਂ ਤੋਂ ਸਹਾਰੀ ਨਾ ਗਈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਮਨੁੱਖਤਾ ਦੇ ਹਮਦਰਦ, ਸ਼ਾਂਤੀ ਸਰੂਪ, ਨਿਮਰਤਾ ਦੇ ਪੁੰਜ, ਆਦਰਸ਼ਕ ਸ਼ਖ਼ਸੀਅਤ ਨੂੰ ਅਨੇਕਾਂ ਸਰੀਰਕ ਤਸੀਹੇ ਦਿੱਤੇ ਗਏ। ਜ਼ਾਲਮਾਂ ਵੱਲੋਂ ਸਖ਼ਤ ਗਰਮੀ ਦੇ ਮੌਸਮ ਵਿਚ ਆਪ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ, ਤੱਤੀ ਤਵੀ ਤੇ ਚੌਕੜਾ ਲਵਾਇਆ ਗਿਆ ਤੇ ਪਾਵਨ ਸੀਸ ਤੇ ਸੜਦੀ-ਬਲ਼ਦੀ ਰੇਤ ਪਾਈ ਗਈ। ਸਭ ਸਰੀਰਕ ਕਸ਼ਟਾਂ ਨੂੰ ਬੜੇ ਸਹਿਜ ਵਿਚ ਸਹਾਰਦਿਆਂ ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਆਪ ਅਡੋਲ ਰਹੇ। ਇਸ ਤਰ੍ਹਾਂ 30 ਮਈ 1606 ਈਸਵੀ ਨੂੰ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ।

ਉਂਜ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਅਨੇਕਾਂ ਕਾਰਨ ਮੰਨੇ ਜਾਂਦੇ ਹਨ ਪਰ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ। ਬਾਕੀ ਸਾਰੇ ਕਾਰਨ ਸਹਾਇਕ ਸਿੱਧ ਹੋਏ। ਅਸਲ ਵਿਚ ਜਹਾਂਗੀਰ ਮੌਕੇ ਦੀ ਭਾਲ 'ਚ ਸੀ ਕਿ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖ਼ਤਮ ਕਰ ਦੇਵੇ ਤੇ ਉਨ੍ਹਾਂ ਦੇ ਮੁਖੀ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਜਾਂ ਤਾਂ ਮੁਸਲਮਾਨ ਬਣਾ ਦੇਵੇ ਜਾਂ ਸ਼ਹੀਦ ਕਰ ਦੇਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ ਤੋਜ਼ਕੇ ਜਹਾਂਗੀਰੀ ਵਿਚ ਵੀ ਕਰਦਾ ਹੈ। ਉਸ ਨੂੰ ਬਹਾਨੇ ਦੀ ਤਲਾਸ਼ ਸੀ ਅਤੇ ਉਹ ਉਸ ਨੂੰ ਖੁਸਰੋ ਦੀ ਬਗ਼ਾਵਤ ਵਿੱਚੋਂ ਮਿਲਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ, ਜਿਸ ਤੋਂ ਭਾਵ ਹੈ ਕਿ ਤਸੀਹੇ ਦੇ ਕੇ ਮਾਰਨਾ।

ਦੂਸਰੇ ਪਾਸੇ ਗੁਰੂ ਸਾਹਿਬ ਦੀ ਸ਼ਹੀਦੀ ਨੇ ਸਿੱਖ ਲਹਿਰ ਨੂੰ ਨਵੀਂ ਸੇਧ ਦਿੱਤੀ ਤੇ ਪੰਜਾਬ ਦੇ ਇਤਿਹਾਸ ਉੱਤੇ ਇਸ ਦਾ ਦੂਰਗਾਮੀ ਅਸਰ ਹੋਇਆ। ਇਸ ਨਾਲ ਸਿੱਖਾਂ ਦੇ ਮਨਾਂ 'ਤੇ ਇਹ ਗੱਲ ਘਰ ਕਰ ਗਈ ਕਿ ਧਰਮ ਦੀ ਰੱਖਿਆ ਲਈ ਜ਼ੁਲਮ ਦੇ ਅੱਗੇ ਗੋਡੇ ਟੇਕਣ ਦੀ ਬਜਾਏ ਹਥਿਆਰਬੰਦ ਹੋਣਾ ਤੇ ਵੈਰੀ ਨਾਲ ਦੋ ਹੱਥ ਕਰਨਾ ਲਾਜ਼ਮੀ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਤੇ ਅਕਾਲ ਪੁਰਖ ਦਾ ਤਖ਼ਤ ਸਦਾ ਰਹਿਣ ਵਾਲੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕੀਤੀ।

ਇਤਿਹਾਸਕਾਰਾਂ ਦੀ ਨਜ਼ਰ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਧਰਮ ਦੇ ਇਤਿਹਾਸ ਵਿਚ ਇਕ ਮਹਾਨ ਤੇ ਜੁਗ ਪਲਟਾਊ ਘਟਨਾ ਤੇ ਇਨਕਲਾਬੀ ਮੋੜ ਦੀ ਸੂਚਕ ਹੈ। ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਅਕਾਲ ਪੁਰਖ ਦਾ ਭਾਣਾ ਮੰਨਣ ਤੇ ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰੱਖਿਆ ਕਰ ਸਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ ਨੂੰ ਐਸਾ ਪੱਕਾ ਤੇ ਮਜ਼ਬੂਤ ਕਰ ਦਿੱਤਾ ਕਿ ਆਉਣ ਵਾਲੇ ਸਮੇਂ ਦੇ ਜ਼ੁਲਮ ਤੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ। ਇਸ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਮਰਨ ਦੀ ਇਹੋ ਜਿਹੀ ਜਾਚ ਸਿਖਾਈ ਕਿ ਉਹ 'ਬਹੁਰਿ ਨ ਮਰਨਾ ਹੋਇ' ਦੇ ਲਕਸ਼ ਨੂੰ ਪ੍ਰਾਪਤ ਹੋ ਗਏ। ਇਸ ਸ਼ਹੀਦੀ ਨਾਲ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਨਵਾਂ ਅਧਿਆਇ ਆਰੰਭ ਹੋਇਆ। ਇਸ ਤਰ੍ਹਾਂ ਗੁਰੂ ਸਾਹਿਬ ਜੀ ਦੀ ਸ਼ਹਾਦਤ ਸਾਡੇ ਲਈ ਰਾਹ ਦਸੇਰਾ ਹੈ, ਜਿਸ 'ਤੇ ਚੱਲ ਕੇ ਅਸੀਂ ਆਪਣੇ ਧਰਮ ਦੇ ਸੁਨਹਿਰੀ ਅਸੂਲਾਂ ਦੀ ਖ਼ਾਤਰ ਜਬਰ-ਜ਼ੁਲਮ ਦੇ ਟਾਕਰੇ ਲਈ ਸਦਾ ਤਿਆਰ ਰਹਿਣਾ ਹੈ। ਸੱਚ ਦੀ ਖ਼ਾਤਰ ਸੰਘਰਸ਼ਸ਼ੀਲ ਰਹਿਣਾ ਹੈ ਤੇ ਝੂਠ, ਅਨਿਆਂ ਆਦਿ ਦੀ ਜੜ੍ਹ ਪੁੱਟਣ ਲਈ ਪਿੱਛੇ ਨਹੀਂ ਹਟਣਾ। ਆਓ, ਗੁਰੂ ਸਾਹਿਬ ਵੱਲੋਂ ਦਿੱਤੀ ਗਈ ਪਾਵਨ ਸ਼ਹਾਦਤ ਦੇ ਅਸਲ ਮਨੋਰਥ ਅਨੁਸਾਰ ਆਪਣੀਆਂ ਜੀਵਨ ਸੇਧਾਂ ਨਿਰਧਾਰਤ ਕਰੀਏ। •

ਬੀਬੀ ਜਗੀਰ ਕੌਰ
ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਭੈਣੀ ਤੋਂ ਬਣ ਗਿਆ ਚੋਹਲਾ ਸਾਹਿਬ

ਇਤਿਹਾਸਕ ਨਗਰ ਚੋਹਲਾ ਸਾਹਿਬ ਤਰਨਤਾਰਨ ਜ਼ਿਲ੍ਹੇ ਦਾ ਅਹਿਮ ਨਗਰ ਹੈ। ਸਿੱਖ ਇਤਿਹਾਸ ਅਤੇ ਪੂਰੇ ਭਾਰਤ 'ਚ ਇਹ ਵਿਲੱਖਣ ਤੇ ਅਹਿਮ ਸਥਾਨ ਰੱਖਦਾ ਹੈ। ਇਹ ਨਗਰ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਹਿਮਤ ਨਾਲ ਵੱਸਿਆ ਹੋਇਆ ਹੈ। ਇਹ ਨਗਰ ਦਰਿਆ ਬਿਆਸ ਦੇ ਕੰਢੇ 'ਤੇ ਵਸੇ ਮਾਝੇ ਦੇ ਕੁਝ ਹੋਰ ਪਿੰਡਾਂ ਦੀ ਰਾਜਧਾਨੀ ਕਰਕੇ ਜਾਣਿਆ ਜਾਂਦਾ ਹੈ।

4 ਹਾੜ ਸੰਮਤ 1654 ਵਿਚ ਜਦੋਂ ਪੰਜਵੇਂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਵੱਡੇ ਭਰਾਤਾ ਪ੍ਰਿਥੀ ਚੰਦ ਦੇ ਵਿਰੋਧ ਕਾਰਨ ਪਰਿਵਾਰ ਸਮੇਤ ਅੰਮ੍ਰਿਤਸਰ ਤੋਂ ਉੱਠ ਕੇ ਤਰਨਤਾਰਨ ਤੇ ਸਰਹਾਲੀ ਵਿੱਚੋਂ ਹੁੰਦੇ ਹੋਏ ਉਸ ਵਕਤ ਦੇ ਛੋਟੇ ਜਿਹੇ ਪਿੰਡ ਭੈਣੀ ਵਿਖੇ ਪਹੁੰਚੇ ਤਾ ਇਥੋਂ ਦੀਆਂ ਸੰਗਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਇਕ ਰਾਤ ਦਾ ਪੜਾਅ ਕਰ ਕੇ ਗੁਰੂ ਸਾਹਿਬ ਜਦੋਂ ਇਥੋਂ ਚਾਲੇ ਪਾਉਣ ਲੱਗੇ ਤਾਂ ਨਗਰ ਦੀ ਵਸਨੀਕ ਇਕ ਨੰਬਰਦਾਰਨੀ ਮਾਈ ਗਲ਼ ਚ ਪੱਲਾ ਪਾ ਕੇ ਅੱਗੇ ਹੋ ਖਲੋਤੀ। ਕਹਿਣ ਲੱਗੀ, 'ਸੱਚੇ ਪਾਤਸ਼ਾਹ ਮੇਰੀ ਬੇਨਤੀ ਮੰਨ ਕੇ ਅੱਜ ਦਾ ਦਿਨ ਇਥੇ ਹੋਰ ਠਹਿਰੋ, ਮੈਂ ਅਜੇ ਤੁਹਾਡੀ ਹੋਰ ਸੇਵਾ ਕਰਨੀ ਚਾਹੁੰਦੀ ਹਾਂ।'

ਮਾਈ ਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਸਾਹਿਬ ਨੇ ਭੈਣੀ ਨਗਰ ਵਿਚ ਕੁਝ ਸਮਾਂ ਹੋਰ ਠਹਿਰਨਾ ਸਵੀਕਾਰ ਕਰ ਲਿਆ। ਜਦੋਂ ਉਹ ਮਾਈ ਗੁਰੂ ਜੀ ਵਾਸਤੇ ਪਿੱਤਲ ਦੇ ਇਕ ਸਾਫ਼-ਸੁਥਰੇ ਬਰਤਨ 'ਚ ਦੇਸੀ ਘਿਓ ਦੀ ਚੂਰੀ ਕੁੱਟ ਕੇ ਲਿਆਈ ਤਾਂ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ-ਚਿੱਤ ਹੋ ਕੇ ਉਹ ਚੂਰੀ ਛਕੀ। ਚੂਰੀ ਛਕਣ ਤੋਂ ਬਾਅਦ ਗੁਰੂ ਸਾਹਿਬ ਮਿਹਰਾਂ ਦੇ ਘਰ ਵਿਚ ਆ ਗਏ ਤੇ ਆਪਣੇ ਮੁਖਾਰਬਿੰਦ 'ਚੋਂ ਬੋਲੇ 'ਮਾਈ! ਇਹ ਤਾਂ ਤੂੰ ਸਾਡੇ ਵਾਸਤੇ ਸੁਆਦਲਾ ਚੋਹਲਾ (ਚੂਰੀ) ਤਿਆਰ ਕਰਕੇ ਲਿਆਈ ਏਂ।' ਉਸ ਦਿਨ ਤੋਂ ਪਿੰਡ ਭੈਣੀ ਦਾ ਨਾਂ ਬਦਲ ਕੇ ਚੋਹਲਾ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਬਚਨਾਂ ਨੂੰ ਇਸ ਤਰ੍ਹਾਂ ਤਸਦੀਕ ਕੀਤਾ ਗਿਆ ਹੈ :

ਹਰਿ ਹਰਿ ਨਾਮੁ ਅਮੋਲਾ॥
ਅਲੁਖ ਲਖਾਇਆ ਗੁਰ ਤੇ ਪਾਇਆ
ਨਾਨਕ ਇਹੁ ਹਰਿ ਕਾ ਚੋਲ੍ਹਾ॥ (ਅੰਗ 407)

ਗੁਰੂ ਸਾਹਿਬ ਦੇ ਇਨ੍ਹਾਂ ਮਹਾਵਾਕ ਕਾਰਨ ਹੀ ਇਹ ਨਗਰ ਚੋਹਲੇ ਤੋਂ ਚੋਹਲਾ ਸਾਹਿਬ ਕਰਕੇ ਸਤਿਕਾਰਿਆ ਜਾਣ ਲੱਗਾ। ਅੱਜ ਇਹ

ਸੰਪਾਦਕੀ

ਗਾਜ਼ਾ ਸ਼ਾਂਤੀ ਯੋਜਨਾ

ਅਮਰੀਕਾ ਨੇ ਗਾਜ਼ਾ ਵਿੱਚ ਚੱਲ ਰਹੀ ਖ਼ੂੰਖਾਰ ਜੰਗ ਰੁਕਵਾਉਣ ਅਤੇ ਟਕਰਾਅ ਦਾ ਸ਼ਾਂਤੀਪੂਰਨ ਹੱਲ ਕੱਢਣ ਵਾਸਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਨੂੰ ਆਪਣੀ ਪ੍ਰਸਤਾਵਿਤ ਸ਼ਾਂਤੀ ਯੋਜਨਾ ਦੀ ਹਮਾਇਤ ਕਰਨ ਦੀ ਅਪੀਲ ਕਰ ਕੇ ਇਸ ਦਿਸ਼ਾ ਵਿੱਚ ਅਹਿਮ ਕਦਮ ਪੁੱਟਿਆ ਹੈ। ਰਾਸ਼ਟਰਪਤੀ ਜੋਅ ਬਾਇਡਨ ਦੀ ਇਸ ਸ਼ਾਂਤੀ ਯੋਜਨਾ ਦਾ ਖੁਲਾਸਾ 31 ਮਈ ਨੂੰ ਕੀਤਾ ਗਿਆ ਸੀ ਜਿਸ ਵਿੱਚ ਤਿੰਨ ਪੜਾਵੀ ਪ੍ਰਕਿਰਿਆ ਦਾ ਖ਼ਾਕਾ ਪੇਸ਼ ਕੀਤਾ ਗਿਆ ਹੈ। ਇਸ ਤਹਿਤ ਪਹਿਲੇ ਪੜਾਅ ਵਿੱਚ ਹਮਾਸ ਵੱਲੋਂ ਉਸ ਦੀ ਕੈਦ ਵਿਚਲੇ ਬਾਕੀ ਰਹਿੰਦੇ ਸਾਰੇ ਇਜ਼ਰਾਇਲੀ ਨਾਗਰਿਕਾਂ ਨੂੰ ਰਿਹਾਅ ਕੀਤਾ ਜਾਵੇ ਅਤੇ ਇਸ ਤੋਂ ਬਾਅਦ ਇਜ਼ਰਾਇਲੀ ਫ਼ੌਜ ਗਾਜ਼ਾ ਖੇਤਰ ’ਚੋਂ ਵਾਪਸ ਬੁਲਾਈ ਜਾਵੇ। ਬਹਰਹਾਲ, ਇਸ ਸ਼ਾਂਤੀ ਯੋਜਨਾ ਦੀਆਂ ਆਪਣੀ ਕਿਸਮ ਦੀਆਂ ਕੂਟਨੀਤਕ ਚੁਣੌਤੀਆਂ ਹਨ ਜੋ ਉੱਥੇ ਪਸਰੀ ਗਹਿਰੀ ਬੇਭਰੋਸਗੀ ਅਤੇ ਟਕਰਾਵੇਂ ਮੰਤਵਾਂ ਨੂੰ ਦਰਸਾਉਂਦੀਆਂ ਹਨ ਜਿਨ੍ਹਾਂ ਕਰ ਕੇ ਇਹ ਲੰਮੇ ਅਰਸੇ ਤੋਂ ਟਕਰਾਅ ਚੱਲ ਰਿਹਾ ਹੈ। ਬਾਇਡਨ ਪ੍ਰਸ਼ਾਸਨ ਵੱਲੋਂ ਇਜ਼ਰਾਈਲ ਨੂੰ ਬਾਈਪਾਸ ਕਰ ਕੇ ਹਮਾਸ ਨਾਲ ਵੱਖਰੀ ਸੰਧੀ ਕਰਨ ਬਾਰੇ ਵਿਚਾਰ ਕੀਤਾ ਗਿਆ ਹੈ ਜਿਸ ਤੋਂ ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਹਾਲਾਤ ਕਿਸ ਕਦਰ ਫੌਰੀ ਕਦਮ ਪੁੱਟਣ ਦੀ ਮੰਗ ਕਰ ਰਹੇ ਹਨ। ਹਾਲਾਂਕਿ ਇਹ ਕਾਫ਼ੀ ਵਿਵਾਦਪੂਰਨ ਪਹੁੰਚ ਹੋ ਸਕਦੀ ਹੈ ਪਰ ਇਹ ਫ਼ੌਜੀ ਕਾਰਵਾਈ ’ਤੇ ਕੂਟਨੀਤੀ ਨੂੰ ਤਰਜੀਹ ਦੇਣ ਦੀ ਵਿਹਾਰਕ ਤਬਦੀਲੀ ਦਾ ਪ੍ਰਤੱਖ ਸੰਕੇਤ ਦੇ ਰਹੀ ਹੈ ਕਿਉਂਕਿ ਅਮਰੀਕਾ ਨੂੰ ਹੁਣ ਹਮਾਸ ਨੂੰ ਇਜ਼ਰਾਈਲ ਲਈ ਫ਼ੌਜੀ ਖ਼ਤਰੇ ਦੇ ਰੂਪ ਵਿੱਚ ਨਹੀਂ ਦੇਖ ਰਿਹਾ।

ਮਤੇ ਦੇ ਖਰੜੇ ਵਿੱਚ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਹੈ ਕਿ ਚੱਲ ਰਹੀਆਂ ਵਾਰਤਾਵਾਂ ਦੇ ਨਾਲ ਹੀ ਜੰਗਬੰਦੀ ਅਮਲ ਵਿੱਚ ਲਿਆਂਦੀ ਜਾਵੇ। ਇਨ੍ਹਾਂ ਬਹੁ-ਧਿਰੀ ਵਾਰਤਾਵਾਂ ਨੂੰ ਜਾਰੀ ਰੱਖਣ ਵਿੱਚ ਕਤਰ ਅਤੇ ਮਿਸਰ ਅਹਿਮ ਭੂਮਿਕਾ ਨਿਭਾਅ ਰਹੇ ਹਨ। ਸੋਮਵਾਰ ਨੂੰ ਜਦੋਂ ਰੂਸ ਨੇ ਵੀਟੋ ਨਾ ਕਰਨ ਦਾ ਫ਼ੈਸਲਾ ਕਰ ਲਿਆ ਤਾਂ ਇਹ ਸ਼ਾਂਤੀ ਯੋਜਨਾ ਪਾਸ ਹੋ ਗਈ ਜਿਸ ਕਰ ਕੇ ਇਸ ਨੂੰ ਅਮਰੀਕਾ ਦੀ ਕੂਟਨੀਤਕ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ। ਮਤੇ ਦੀ ਸਫ਼ਲਤਾ ਹਾਲਾਂਕਿ ਸ਼ਾਮਿਲ ਧਿਰਾਂ ਦੇ ਸਹਿਯੋਗ ਉੱਤੇ ਨਿਰਭਰ ਕਰਦੀ ਹੈ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ’ਤੇ ਦਬਾਅ ਵਧ ਗਿਆ ਹੈ ਜੋ ਅੰਦੂਰਨੀ ਵਿਦਰੋਹ ਦਾ ਸਾਹਮਣਾ ਵੀ ਕਰ ਰਹੇ ਹਨ। ਇਕ ਜਿ?ਕਰਯੋਗ ਘਟਨਾ ’ਚ ਇਜ਼ਰਾਈਲ ਦੇ ਸਾਬਕਾ ਰੱਖਿਆ ਮੰਤਰੀ ਬੈਨੀ ਗੈਂਟਜ਼ ਨੇ ਜੰਗ ਬਾਰੇ ਗਠਿਤ ਐਮਰਜੈਂਸੀ ਕੈਬਨਿਟ ਵਿੱਚੋਂ ਅਸਤੀਫ਼ਾ ਦੇ ਦਿੱਤਾ ਹੈ। ਨੇਤਨਯਾਹੂ ਵੱਲੋਂ ਇਸ ਜੰਗ ਨਾਲ ਨਜਿੱਠਣ ਦੇ ਤਰੀਕਿਆਂ ਤੋਂ ਉਹ ਸੰਤੁਸ਼ਟ ਨਹੀਂ ਸਨ। ਬੰਦੀਆਂ ਦੇ ਪਰਿਵਾਰਾਂ ਵੱਲੋਂ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਕੂਟਨੀਤਕ ਹੱਲ ਦੀ ਮੰਗ ਨੂੰ ਬਲ ਦੇ ਰਹੇ ਹਨ।

ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦਾ ਖੇਤਰੀ ਦੌਰਾ ਸ਼ਾਂਤੀ ਸਮਝੌਤੇ ਲਈ ਸਮਰਥਨ ਜੁਟਾਉਣ ਤੇ ਮਾਨਵੀ ਫਿ?ਕਰਾਂ ਦੇ ਹੱਲ ਵੱਲ ਸੇਧਿਤ ਹੈ। ਇਸ ਵਿੱਚ ਗਾਜ਼ਾ ਤੱਕ ਮਦਦ ਪਹੁੰਚਦੀ ਕਰਨ ਲਈ ਰਾਫਾਹ ਸਰਹੱਦੀ ਲਾਂਘੇ ਨੂੰ ਮੁੜ ਖੋਲ੍ਹਣਾ ਵੀ ਸ਼ਾਮਿਲ ਹੈ। ਬਲਿੰਕਨ ਦੇ ਮਿਸ਼ਨ ’ਚੋਂ ਖੇਤਰੀ ਸਥਿਰਤਾ ਯਕੀਨੀ ਬਣਾਉਣ ਅਤੇ ਮਾਨਵੀ ਸੰਕਟ ਹੱਲ ਕਰਨ ਦੇ ਵਿਆਪਕ ਰਣਨੀਤਕ ਟੀਚੇ ਦੀ ਝਲਕ ਮਿਲਦੀ ਹੈ। ਅਮਰੀਕੀ ਯੋਜਨਾ ਦੀ ਸਫ਼ਲਤਾ ਇਸ ਪਹਿਲੂ ’ਤੇ ਨਿਰਭਰ ਕਰੇਗੀ ਕਿ ਇਹ ਗੁੰਝਲਦਾਰ ਸਿਆਸੀ ਭੂ-ਦ੍ਰਿਸ਼ ਵਿੱਚੋਂ ਕਿਵੇਂ ਲੰਘਦੀ ਹੈ। ਇਸ ਤਜਵੀਜ਼ ’ਤੇ ਇਜ਼ਰਾਈਲ ਤੇ ਹਮਾਸ ਦੀ ਵਚਨਬੱਧਤਾ ਹਾਸਿਲ ਕਰਨਾ ਵੀ ਸੌਖਾ ਨਹੀਂ ਹੋਵੇਗਾ।

ਭਾਰਤ-ਪਾਕਿ ਜਮੂਦ

ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਵਜੋਂ ਦੂਜੀ ਵਾਰ ਅਹੁਦਾ ਸੰਭਾਲਦਿਆਂ ਐੱਸ ਜੈਸ਼ੰਕਰ ਨੇ ਪਾਕਿਸਤਾਨ ਦੇ ਹਵਾਲੇ ਨਾਲ ਆਖਿਆ ਹੈ ਕਿ ਭਾਰਤ ਸਰਹੱਦ ਪਾਰ ਦਹਿਸ਼ਤਵਾਦ ਦਾ ਹੱਲ ਲੱਭਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ‘ਇਹ ਕੋਈ ਚੰਗੇ ਗੁਆਂਢੀ ਦੀ ਨੀਤੀ ਨਹੀਂ ਹੋ ਸਕਦੀ।’ ‘ਐਕਸ’ ਉੱਪਰ ਜੈਸ਼ੰਕਰ ਦਾ ਇਹ ਬਿਆਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਵੱਡੇ ਭਰਾ ਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵੱਲੋਂ ਨਰਿੰਦਰ ਮੋਦੀ ਨੂੰ ਤੀਜੀ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ’ਤੇ ਵਧਾਈ ਸੰਦੇਸ਼ ਦੇਣ ਤੋਂ ਬਾਅਦ ਆਇਆ ਹੈ। ਹਾਲਾਂਕਿ ਸ਼ਾਹਬਾਜ਼ ਸ਼ਰੀਫ਼ ਨੇ ਆਪਣੇ ਆਪ ਨੂੰ ਰਸਮੀ ਲਹਿਜ਼ੇ ਤੱਕ ਮਹਿਦੂਦ ਰੱਖਿਆ ਹੈ ਜਦੋਂਕਿ ਨਵਾਜ਼ ਸ਼ਰੀਫ਼ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਖੁੱਲ੍ਹਦਿਲੀ ਨਾਲ ਦੋਵਾਂ ਦੇਸ਼ਾਂ ਵਿਚਕਾਰ ਬਣੇ ਨਫ਼ਰਤ ਦੇ ਮਾਹੌਲ ਨੂੰ ਆਸ ਵਿੱਚ ਤਬਦੀਲ ਕਰਨ ਅਤੇ ਦੱਖਣੀ ਏਸ਼ੀਆ ਦੇ ਦੋ ਅਰਬ ਲੋਕਾਂ ਦੀ ਹੋਣੀ ਨੂੰ ਮੁੜ ਘੜਨ ਦੇ ਮੌਕੇ ਨੂੰ ਅਜਾਈਂ ਨਾ ਜਾਣ ਦੀ ਭਰਵੀਂ ਅਪੀਲ ਕੀਤੀ ਹੈ। ਮੋਦੀ ਨੇ ਵੀ ਸ਼ਾਹਬਾਜ਼ ਸ਼ਰੀਫ਼ ਦਾ ਸੀਮਤ ਜਿਹੇ ਸ਼ਬਦਾਂ ਵਿੱਚ ਸ਼ੁਕਰੀਆ ਅਦਾ ਕੀਤਾ ਅਤੇ ਨਵਾਜ਼ ਸ਼ਰੀਫ਼ ਨੂੰ ਚੇਤੇ ਕਰਾਇਆ ਹੈ ਕਿ ਭਾਰਤ ਦੇ ਲੋਕ ਹਮੇਸ਼ਾ ਅਮਨ, ਸੁਰੱਖਿਆ ਅਤੇ ਅਗਾਂਹਵਧੂ ਵਿਚਾਰਾਂ ਦੇ ਹੱਕ ਵਿੱਚ ਖੜ੍ਹਦੇ ਰਹੇ ਹਨ।

ਪੁਲਵਾਮਾ ਦੇ ਦਹਿਸ਼ਤੀ ਹਮਲੇ ਅਤੇ ਉਸ ਤੋਂ ਬਾਅਦ ਫਰਵਰੀ 2019 ਵਿੱਚ ਬਾਲਾਕੋਟ ਜਵਾਬੀ ਹਵਾਈ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਵਿੱਚ ਤੋੜ ਤਡਿ?ਕ ਹੋ ਗਈ ਸੀ। ਉਸ ਤੋਂ ਕੁਝ ਮਹੀਨਿਆਂ ਬਾਅਦ ਜਦੋਂ ਅਗਸਤ 2019 ਵਿੱਚ ਭਾਰਤ ਨੇ ਸੰਵਿਧਾਨ ਦੀ ਧਾਰਾ 370 ਰੱਦ ਕਰ ਕੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਖਤਮ ਕਰ ਕੇ ਇਸ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਸੀ ਤਾਂ ਦੁਵੱਲੇ ਸਬੰਧਾਂ ਵਿੱਚ ਮੋੜਾ ਆਉਣ ਦੀਆਂ ਸੰਭਾਵਨਾਵਾਂ ਬਿਲਕੁਲ ਖਤਮ ਹੋ ਗਈਆਂ ਸਨ। ਉਂਝ, ਇਸ ਤੋਂ ਬਾਅਦ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਸੁਧਾਰ ਆਉਣ ਦੀਆਂ ਆਸਾਂ ਮੁੜ ਜਾਗੀਆਂ ਅਤੇ ਕੁਝ ਹੱਦ ਤੱਕ ਉਸਾਰੂ ਸੰਕੇਤ ਨਜ਼ਰ ਵੀ ਆਏ ਸਨ। 25 ਸਾਲ ਪਹਿਲਾਂ ਹੋਈ ਕਾਰਗਿਲ ਜੰਗ ਵੱਲ ਇਸ਼ਾਰਾ ਕਰਦਿਆਂ ਨਵਾਜ਼ ਨੇ ਪਿਛਲੇ ਮਹੀਨੇ ਮੰਨਿਆ ਸੀ ਕਿ ਪਾਕਿਸਤਾਨ ਨੇ 1999 ਦੇ ਲਾਹੌਰ ਐਲਾਨਨਾਮੇ ਦੀ ਉਲੰਘਣਾ ਕੀਤੀ ਸੀ। ਦਿਲਚਸਪ ਤੱਥ ਇਹ ਹੈ ਕਿ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਾਜਪਾ ਦੇ ਕੁਝ ਉਮੀਦਵਾਰਾਂ ਨੇ ਅਟਾਰੀ-ਵਾਹਗਾ ਜ਼ਮੀਨੀ ਲਾਂਘੇ ਰਾਹੀਂ ਭਾਰਤ-ਪਾਕਿਸਤਾਨ ਵਪਾਰ ਮੁੜ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ। ਦੋਵਾਂ ਧਿਰਾਂ ਦਰਮਿਆਨ ਅੰਦਰਖਾਤੇ ਕੂਟਨੀਤਕ ਕੋਸ਼ਿਸ਼ਾਂ ਹੋਣ ਵਿਚਾਲੇ ਭਾਰਤ ਇਹ ਵੀ ਕਹਿੰਦਾ ਰਿਹਾ ਹੈ ਕਿ ਅਤਿਵਾਦ ਅਤੇ ਗੱਲਬਾਤ ਨਾਲੋ-ਨਾਲ ਨਹੀਂ ਚੱਲ ਸਕਦੇ। ਹਾਲਾਂਕਿ ਪਿਛਲੇ ਹਫ਼ਤੇ ਦੇ ਰਿਆਸੀ ਅਤਿਵਾਦੀ ਹਮਲੇ ਤੋਂ ਲੱਗਦਾ ਹੈ ਕਿ ਪਾਕਿਸਤਾਨ ਦੀ ਸਿਆਸੀ ਲੀਡਰਸ਼ਿਪ ’ਤੇ ਫ਼ੌਜ ਦੇ ਭਾਰੂ ਹੋਣ ਕਾਰਨ ਉਨ੍ਹਾਂ ਲਈ ਦਹਿਸ਼ਤਗਰਦੀ ਦੀ ਟੂਟੀ ਨੂੰ ਰਾਤੋ-ਰਾਤ ਬੰਦ ਕਰਨਾ ਸੌਖਾ ਨਹੀਂ ਹੋਵੇਗਾ। ਨਵੀਂ ਦਿੱਲੀ ਤੇ ਇਸਲਾਮਾਬਾਦ ਦੋਵਾਂ ਨੂੰ ਇੱਕ-ਇੱਕ ਕਦਮ ਅੱਗੇ ਵਧਾਉਣ ਦੀ ਲੋੜ ਹੈ, ਭਾਵੇਂ ਸ਼ੁਰੂਆਤ ਦੇ ਤੌਰ ’ਤੇ ਇਹ ਸੰਕੋਚੀ ਹੀ ਕਿਉਂ ਨਾ ਹੋਵੇ। ਇਸ ਨਾਲ ਭਰੋਸੇ ਦੀ ਕਮੀ ਦੂਰ ਹੋਵੇਗੀ ਅਤੇ ਦੋਵਾਂ ਮੁਲਕਾਂ ਨੂੰ ਵਾਰਤਾ ਦੇ ਮੇਜ਼ ’ਤੇ ਲਿਆਂਦਾ ਜਾ ਸਕੇਗਾ।

-ਅਨੀਤਾ ਜਾਂਗੜਾ

ਆਓ, ਭਾਰਤ ਨੂੰ ਗਿਆਨ ਦਾ ਕੇਂਦਰ ਬਣਾਈਏ

ਲੈਫ. ਜਨਰਲ (ਸੇਵਾਮੁਕਤ) ਐੱਸਐੱਸ ਮਹਿਤਾ



ਭਾਰਤ ਨੂੰ ਆਤਮ-ਨਿਰਭਰ ਬਣਾਉਣ ਦੀ ਪੁਕਾਰ ਦਾ ਸਪੱਸ਼ਟ ਭਾਵ ਗਿਆਨ ਦਾ ਕੇਂਦਰ ਬਣਾਉਣ, ਬਸਤੀਵਾਦੀ ਮਨੋਦਸ਼ਾ ਤੱਜਣ ਅਤੇ ਦਲਾਲ ਕਿਰਤ ਅਰਥਚਾਰੇ ਤੋਂ ਗਿਆਨ ਦਲਾਲ ਅਰਥਚਾਰਾ ਬਣਨ ਦੀ ਪੁਕਾਰ ਹੈ। ਸਾਡਾ ਨਿਸ਼ਾਨਾ ਗਿਆਨ ਦਾ ਕੇਂਦਰ ਬਣਨਾ ਹੈ। ਸਾਡੇ ਅੰਦਰ ਸੰਭਾਵਨਾ, ਆਕਾਰ ਤੇ ਆਬਾਦੀ ਦਾ ਲਾਭਾਂਸ਼ ਹੈ ਅਤੇ ਹੁਣ ਸਾਡਾ ਆਰਥਿਕ ਜੁੱਸਾ ਵੀ ਵਧ ਰਿਹਾ ਹੈ। ਆਰਥਿਕ ਵਿਕਾਸ ਦਰ ਲਗਾਤਾਰ 8 ਫ਼ੀਸਦ ਤੋਂ ਉੱਪਰ ਰੱਖ ਕੇ ਅਤੇ 6ਜੀ, ਚਿਪ ਡਿਜ਼ਾਈਨ ਤੇ ਚਿਪ ਨਿਰਮਾਣ, ਨਵੇਂ ਈਂਧਨ, ਹਾਈਡ ?ਰੋਜਨ ਤੇ ਜੈਵ, ਵਾਯੂ ਤੇ ਸੌਰ ਊਰਜਾ ਨੂੰ ਨਵਾਂ ਹੁਲਾਰਾ ਦੇ ਕੇ ਨਵੀਆਂ ਉਭਰਦੀਆਂ ਯੂਨੀਕਾਰਨ ਸਟਾਰਟਅਪਸ ਕੰਪਨੀਆਂ, ਇਨ੍ਹਾਂ ਸਭ ਕਾਸੇ ਨੂੰ ਮਿਲਾ ਕੇ ਵਾਤਾਵਰਨ ਪੱਖੀ ਤੇ ਘਰੇਗੀ ਉਤਪਾਦਾਂ ਦੀ ਲਹਿਰ ਪੈਦਾ ਕਰਨ ਦੀਆਂ ਸੰਭਾਵਨਾਵਾਂ ਪਨਪ ਸਕਦੀਆਂ ਹਨ। 6ਜੀ ਅਤੇ ਚਿਪਾਂ ਅਜਿਹੇ ਰਣਨੀਤਕ ਅੰਜ਼ਾਰ ਹੋਣਗੇ ਜੋ ਡਿਜੀਟਲ ਕ੍ਰਾਂਤੀ ਵੱਲ ਲੈ ਜਾਣਗੇ, ਨਾਲ ਹੀ ਇਹ ਸਾਡੇ ਲਈ ਤਕਨਾਲੋਜੀ ਦੀ ਨਕਲ ਮਾਰਨ ਤੋਂ ਦੂਰ ਜਾਣ ਦਾ ਵੀ ਸਮਾਂ ਹੈ। ਸਾਨੂੰ ਆਪਣੀਆਂ ਸੰਭਾਵਨਾਵਾਂ ਉਭਾਰਨ ਤੇ ਅਗਵਾਈ ਦੇਣ ਦਾ ਸਮਾਂ ਹੈ। ਸਾਨੂੰ ਤਕਨਾਲੋਜੀ ਪ੍ਰੋਵਾਈਡਰ ਬਣਨਾ ਪਵੇਗਾ।

ਸਰਕਾਰੀ ਅਤੇ ਪ੍ਰਾਈਵੇਟ, ਦੋਵੇਂ ਕਾਰਪੋਰੇਟਾਂ ਨੂੰ ਮਿਸ਼ਨ ਤਰਜ਼ ਮਨਦੋਸ਼ਾ ਨਾਲ ਨਿਵੇਸ਼ ਕਰਨ ਦੀ ਲੋੜ ਹੈ। ਸੁਰੱਖਿਆ, ਰਾਸ਼ਟਰ ਅਤੇ ਨਾਗਰਿਕ, ਤਿੰਨ ਸਭ ਤੋਂ ਮਹਾਨ ਹੁਲਾਰੇ ਹੋਣਗੇ ਜਿਨ੍ਹਾਂ ਤੋਂ ਮਿਲ ਕੇ ਵਿਆਪਕ ਰਾਸ਼ਟਰੀ ਸ਼ਕਤੀ ਬਣੇਗੀ। ਇਸ ਤੋਂ ਪਹਿਲਾਂ ਹਕੀਕਤ ਪਰਖੀ ਜਾਵੇਗੀ। ਬਦਲਾਓ ਦੇ ਇਸ ਸਫ਼ਰ ਦੌਰਾਨ ਕੁਝ ਬਹੁਤ ਹੀ ਖਾਸ ਸੈਕਟਰ ਹੋਣਗੇ। ਯੂਐੱਨਡੀਪੀ ਦੀ ਗਲੋਬਲ ਨਾਲੇਜ ਇੰਡੈਕਸ ਰਿਪੋਰਟ-2023 ਅਨੁਸਾਰ, ਕੁਝ ਬਹੁਤ ਹੀ ਅਹਿਮ ਖੇਤਰਾਂ ਵਿਚ 133 ਮੁਲਕਾਂ ਵਿੱਚੋਂ ਸਾਡੀ ਦਰਜਾਬੰਦੀ ਇਉਂ ਹੈ (ਅਮਰੀਕਾ ਦੀ ਦਰਜਾਬੰਦੀ ਬ੍ਰੈਕਟ ਵਿੱਚ ਦਿੱਤੀ ਗਈ ਹੈ): ਪ੍ਰੀ-ਯੂਨੀਵਰਸਿਟੀ ਸਿੱਖਿਆ 96ਵਾਂ ਸਥਾਨ (9ਵਾਂ); ਤਕਨੀਕੀ ਤੇ ਕਿੱਤਾਮੁਖੀ ਸਿੱਖਿਆ ਤੇ ਸਿਖਲਾਈ 119ਵਾਂ (ਦੂਜਾ), ਉਚੇਰੀ ਸਿੱਖਿਆ 106ਵਾਂ (ਚੌਥਾ), ਖੋਜ ਤੇ ਵਿਕਾਸ ਅਤੇ ਨਵੀਨਤਾ 54ਵਾਂ (ਪੰਜਵਾਂ), ਸੂਚਨਾ ਤੇ ਸੰਚਾਰ ਤਕਨਾਲੋਜੀ ਜਾਂ ਆਈਸੀਟੀ ਵਿਚ 83ਵਾਂ ਸਥਾਨ (ਦੂਜਾ)।

ਨਵੀਨਤਾ ਅਤੇ ਵਿਕਾਸ ਬਹੁਤ ਅਹਿਮ ਹਨ। ਨਵੀਨਤਾ ਕਿਸੇ ਵਿਕਸਤ ਕੀਤੇ ਵਿਚਾਰ ਦੀ ਪ੍ਰਕਿਰਿਆ ਹੁੰਦੀ ਹੈ ਜਿਸ ਦੇ ਸਿੱਟੇ ਵਜੋਂ ਕੋਈ ਸ਼ਾਨਦਾਰ ਉਤਪਾਦ, ਪ੍ਰਕਿਰਿਆ ਜਾਂ ਸੇਵਾ ਸ਼ਕਲ ਲੈਂਦੀ ਹੈ ਜਿਸ ਦਾ ਵਪਾਰੀਕਰਨ ਕਰ ਕੇ ਇਸ ਨੂੰ ਵਿਹਾਰਕ ਵਰਤੋਂ ਵਿਚ ਲਿਆਇਆ ਜਾਂਦਾ ਹੈ। ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿਚ ਕਿਸੇ ਇੱਕ ਸਮੇਂ ’ਤੇ ਵਿਕਾਸ ਹੁੰਦਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਅੰਦਰ ਨਵੀਨਤਾ ਦਾ ਜਜ਼ਬਾ ਭਰਿਆ ਜਾ ਸਕੇ। ਇਸ ਮੰਤਵ ਲਈ ਰੱਟੇ ਦਾ ਮਾਡਲ ਛੱਡ ਕੇ ਜਾਂਚ ਅਤੇ ਨਵੀਨਤਾ ਦਾ ਮਾਡਲ ਅਪਣਾਉਣ ਦੀ ਲੋੜ ਪੈਂਦੀ ਹੈ। 50+40 ਬਿਨਾ ਸ਼ੱਕ 90 ਹੁੰਦਾ ਹੈ ਪਰ ਜਦੋਂ ਕੋਈ ਬੱਚਾ ਕਹਿੰਦਾ ਹੈ ਕਿ ਕੁੱਲ ਜੋੜ ਸੌ ਤੋਂ ਘੱਟ ਹੈ ਤਾਂ ਉਹ ਪ੍ਰਵਾਨਤ ਉੱਤਰ ਦਿੰਦਾ ਹੈ। ਰੱਟਾ ਨਵੀਨਤਾ ਦੀ ਦੁਸ਼ਮਣ ਹੁੰਦਾ ਹੈ।

ਬਾਗਾਂ ਦੇ ਸ਼ਹਿਰ ਬੰਗਲੂਰੂ ਵਿਚ ਸਾਡੀ ਸਿਲੀਕਾਨ ਵੈਲੀ ਮੌਜੂਦ ਹੈ। ਅਸੀਂ ਮਿਹਨਤ ਕਰਦੇ ਹਾਂ, ਦੂਜੇ ਸਾਡੇ ਕੰਮ ਦੀ ਨਿਰਖ ਪਰਖ ਅਤੇ ਜਮ?ਹਾਂ ਜੋੜ ਕਰਦੇ ਹਨ ਅਤੇ ਅਸੀਂ ਤਿਆਰ ਉਤਪਾਦ ਲਈ ਅਦਾਇਗੀ ਕਰਦੇ ਹਾਂ। ਸਟਾਰਟਰਾਂ ਲਈ ਇਹ ਚੰਗਾ ਕੰਮ ਹੈ; ਇਹ ਦੁਨੀਆ ਨੂੰ ਸਾਡਾ ਹੁਨਰ ਦਿਖਾਉਣ ਦਾ ਵਧੀਆ ਆਹਰ ਹੈ। ਵਾਈ2ਕੇ ਨਾਲ ਹੁਲਾਰਾ ਮਿਲਿਆ ਸੀ; ਉਹ ਜ਼ਮਾਨਾ ਹੁਣ ਲਗਭਗ ਬੀਤ ਚੁੱਕਿਆ ਹੈ। ਬੰਗਲੂਰੂ ਹੁਣ ਬਦਲ ਰਿਹਾ ਹੈ ਪਰ ਬਹੁਤ ਹੌਲੀ ਗਤੀ ਨਾਲ। ਇਸ ਨੂੰ ਆਪਣੀ ਗਤੀ ਵਧਾਉਣ ਅਤੇ 2047 ਵਾਲੇ ਸਫ਼ਰ ਦੌਰਾਨ ਬਣਨ ਵਾਲੀਆਂ ਦਰਜਨ ਭਰ ਨਾਲੇਜ ਹੱਬਜ਼ (ਹੈਦਰਾਬਾਦ, ਪੁਣੇ, ਚੇਨਈ ਆਦਿ) ’ਚ ਇਹ ਵੀ ਸ਼ਾਮਿਲ ਹੋਣ ਦੀ ਲੋੜ ਹੈ। ਬੰਗਲੂਰੂ ਨੂੰ ਚਿਪ ਨੌਟ ਇੰਟੈਗ੍ਰੇਸ਼ਨ ਕੈਪੀਟਲ ਬਣਨ ਅਤੇ ਅਗਲੇ ਦੌਰ ਦੀ ਸਿਲੀਕਾਨ ਹੱਬ ਦੀ ਅਗਵਾਈ ਦੀ ਲੋੜ ਹੈ।

ਦਿੱਕਤਾਂ ਦੇ ਬਾਵਜੂਦ ਸਾਨੂੰ ਆਪਣੀ ਨਵੀਂ ਪੀੜ੍ਹੀ ਦੀ ਪ੍ਰਤਿਭਾ ਦਾ ਲਾਹਾ ਲੈਣ ਲਈ ਵਿਆਪਕ ਅਤੇ ਲਾਹੇਵੰਦ ਨਵੀਨ ਵਿਵਸਥਾ ਉਸਾਰਨ ਦੀ ਲੋੜ ਹੈ ਜੋ ਸਾਡੇ ਕੋਲ ਹਰ ਪੱਧਰ ’ਤੇ ਕਾਫ਼ੀ ਮਾਤਰਾ ਵਿਚ ਮੌਜੂਦ ਹੈ। ਸਾਨੂੰ ਇਸ ਦਾ ਇਸਤੇਮਾਲ ਕਰਨ ਦੇ ਤਰੀਕੇ ਲੱਭਣੇ ਪੈਣਗੇ। ਨਵੀਂ ਪੀੜ੍ਹੀ ਨੂੰ ਮੌਕੇ ਮਿਲਣ ਦੀ ਉਡੀਕ ਹੈ। ਜਦੋਂ ਇਹ ਉਨ੍ਹਾਂ ਨੂੰ ਮਿਲ ਗਏ ਤਾਂ ਨਾ ਕੇਵਲ ਭਾਰਤ ਸਗੋਂ ਸਮੁੱਚੀ ਮਾਨਵਤਾ ਦਾ ਫਾਇਦਾ ਹੋਵੇਗਾ। ਨਵੀਂ ਪੀੜ੍ਹੀ ਭਾਵੇਂ ਭਾਰਤ ਵਿਚ ਹੋਵੇ ਜਾਂ ਬਹੁਕੌਮੀ ਕਾਰਪੋਰੇਸ਼ਨਾਂ ਤੇ ਕੈਂਪਸਾਂ ਵਿਚ, ਇਸ ਨੇ ਵਾਰ-ਵਾਰ ਸਿੱਧ ਕੀਤਾ ਹੈ ਕਿ ਇਸ ਦਾ ਯੋਗਦਾਨ ਵਿਸ਼ਵ ਮਿਆਰੀ ਹੈ। ਇਸ ਨੂੰ ਕਾਬੂ ਕਰਨ ਦੀ ਕੋਸ਼ਿਸ਼ ਨਾ ਕਰੋ; ਇਸ ਦੀਆਂ ਲਗਾਮਾਂ ਢਿੱਲੀਆਂ ਕਰੋ ਅਤੇ ਇਸ ਨੂੰ ਅਖ਼ਤਿਆਰ ਦੇਵੋ। ਰੱਟਾ ਗ

ਹਰਿਆਣਾ ਭਵਨ ਅਤੇ ਹੋਰ ਬਿਲਡਿੰਗ ਵਰਕਰ ਭਲਾਈ ਬੋਰਡ ਦੇ ਮਜਦੂਰਾਂ ਦੇ ਲਈ ਮੁੱਖ ਮੰਤਰੀ ਦਾ ਵੱਡਾ ਫੈਸਲਾ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਹਰਿਆਣਾ ਭਵਨ ਅਤੇ ਹੋਰ ਬਿਲਡਿੰਗ ਭਲਾਈ ਬੋਰਡ ਦੇ ਕਾਮਿਆਂ ਦੇ ਹਿੱਤਾਂ ਵਿਚ ਵੱਡਾ ਫੈਸਲਾ ਲੈਂਦੇ ਹੋਏ ਟੂਲਕਿੱਟ, ਸਾਈਕਲ ਯੋਜਨਾ, ਸਿਲਾਈ ਮਸ਼ੀਨਾਂ ਦਾ ਲੰਬਿਤ ਪੈਸਾ ਤੁਰੰਤ ਜਾਰੀ ਕਰਨ ਦੇ ਨਿਰਦੇਸ਼ ਦਿੱਤੇ। ਇਨ, ਇਸ ਦੇ ਨਾਲ ਹੀ, ਈਐਸਆਈ ਦੀ ਤਰਜ 'ਤੇ ਬਿਲਡਿੰਗ ਵਰਕਸ ਭਲਾਈ ਬੋਰਡ ਦੇ ਕਾਮੇ ਨੂੰ ਸਿਹਤ ਲਾਭ ਮਿਲੇ, ਇਸ ਦੇ ਲਈ ਨਵੀਂ ਯੋਜਨਾ ਬਨਾਉਣ ਦੇ ਵੀ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਅੱਜ ਇੱਥੇ ਕਿਰਤ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਰਹੇ ਸਨ। ਮੀਟਿੰਗ ਵਿਚ ਉਦਯੋਗ ਅਤੇ ਵਪਾਰ ਅਤੇ ਕਿਰਤ ਮੰਤਰੀ ਸ੍ਰੀ ਮੂਲਚੰਦ ਸ਼ਰਮਾ ਵੀ ਮੌਜੂਦ ਸਨ। ਸ੍ਰੀ ਨਾਇਬ ਸਿੰਘ ਨੇ ਇਹ ਵੀ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਮਜਦੂਰਾਂ ਦੇ ਡੈਥ ਕਲੇਮ ਕਿਸੇ ਵੀ ਕਾਰਨ ਵਜੋ ਪੈਂਡਿੰਗ ਪਏ ਹਨ, ਉਨ੍ਹਾਂ ਨੂੰ ਤੁਰੰਤ ਜਾਰੀ ਕੀਤਾ ਜਾਵੇ ਤਾਂ ਜੋ ਗਰੀਬ ਪਰਿਵਾਰ ਦੀ ਆਰਥਕ ਮਦਦ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਬੋਰਡ ਦੇ ਤਹਿਤ ਮਜਦੂਰਾਂ ਦੀ ਕੰਨਿਆਂ ਦੇ ਵਿਆਹ ਲਈ ਦਿੱਤੀ ਜਾਣ ਵਾਲੀ ਸ਼ਗਨ ਰਕਮ ਵਿਆਹ ਤੋਂ 3 ਦਿਨ ਪਹਿਲਾਂ ਦਿੱਤੀ ਜਾਵੇ, ਤਾਂ ਜੋ ਉਨ੍ਹਾਂ ਨੂੰ ਮਾਲੀ ਲਾਭ ਹੋ ਸਕੇ। ਇਸ ਤੋਂ ਇਲਾਵਾ ਮਜਦੂਰਾਂ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਕਾਲਰਸ਼ਿਪ ਦੀ ਰਕਮ ਨੂੰ ਵੀ ਏਡਵਾਂਸ ਵਿਚ ਇਕਮੁਸ਼ਤ ਦਿੱਤੇ ਜਾਣ ਲਈ ਪਲਾਨਿੰਗ ਕਰਨ ਦੇ ਵੀ ਨਿਰਦੇਸ਼ ਦਿੱਤੇ। ਨਾਲ ਹੀ ਪੂਰੀ ਪ੍ਰਕ੍ਰਿਆ ਦਾ ਸਰਲੀਕਰਣ ਕੀਤਾ ਜਾਵੇ, ਤਾਂ ਜੋ ਬਿਨੈ ਕਰਦੇ ਸਮੇਂ ਮਜਦੂਰਾਂ ਨੂੰ ਕਿਸੇ ਤਰ੍ਹਾ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਸ੍ਰੀ ਨਾਇਬ ਸਿੰਘ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਕਿਸੇ ਗਰੀਬ ਮਜਦੂਰ ਦੀ ਮੌਤ ਹੋਣ 'ਤੇ ਉਸ ਦੇ ਪਰਿਵਾਰ 'ਤੇ ਦੁੱਖ ਦਾ ਸੰਕਟ ਟੁੱਟ ਪੈਂਦਾ ਹੈ, ਇਸ ਲਈ ਮੁੱਖ ਮੰਤਰੀ ਮਜਦੂਰ ਸਮਾਜਿਕ ਸੁਰੱਖਿਆ ਯੋਜਨਾ ਦੇ ਨਿਯਮਾਂ ਵਿਚ ਬਦਲਾਅ ਕੀਤਾ ਜਾਵੇ ਤਾਂ ਜੋ ਕਾਰਜਸਥਾਨ ਤੋਂ ਇਲਾਵਾ ਹੋਰ ਸਥਾਨ 'ਤੇ ਮੌਤ ਹੋਣ ਦੇ ਮਾਮਲੇ ਵਿਚ ਵੀ ਮਜਦੂਰ ਦੇ ਪਰਿਵਾਰ ਨੂੰ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਸਕੇ। ਗੌਰਤਲਬ ਹੈ ਕਿ ਮੌਜੂਦਾ ਵਿਚ ਇਸ ਯੋਜਨਾ ਦੇ ਤਹਿਤ ਕਾਰਜਸਥਾਨ 'ਤੇ ਮੌਤ ਹੋਣ 'ਤੇ ਮਜਦੂਰ ਦੇ ਪਰਿਵਾਰ ਨੂੰ 5 ਲੱਖ ਅਤੇ ਕਾਰਜਸਥਾਨ 'ਤੇ ਮੌਤ ਨਾ ਹੋਣ 'ਤੇ 2 ਲੱਖ ਰੁਪਏ ਦੀ ਰਕਮ ਦਿੱਤੇ ਜਾਣ ਦਾ ਪ੍ਰਾਵਧਾਨ ਹੈ।

ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਹਰਿਆਣਾ ਭਵਨ ਅਤੇ ਹੋਰ ਬਿਲਡਿੰਗ ਕਰਮਕਾਰ ਭਲਾਈ ਬੋਰਡ ਦੇ ਜੋ ਕਾਮੇ ਜਾਂ ਉਨ੍ਹਾਂ ਦੇ ਪਰਿਵਾਰ ਵਿੱਚੋਂ ਹੋਰ ਕੋਈ ਮੈਂਬਰ ਰਿਵਾਇਤੀ ਕੰਮ ਵਿਚ ਕੌਸ਼ਲ ਸਿਖਲਾਈ ਚਾਹੁੰਦਾ ਹੈ ਤਾਂ ਉਨ੍ਹਾਂ ਨੂੰ ਵੀ ਵਿਸ਼ਵਕਰਮਾ ਕੌਸ਼ਲ ਯੂਨੀਵਰਸਿਟੀ ਵਿਚ ਕੋਰਸ ਕਰਵਾਇਆ ਜਾਵੇ। ਇਸ ਦਾ ਸੰਪੂਰਨ ਖਰਚ ਬੋਰਡ ਵੱਲੋਂ ਕੀਤਾ ਜਾਵੇਗਾ।

ਮੀਟਿੰਗ ਵਿਚ ਦਸਿਆ ਗਿਆ ਕਿ ਰੋਹਤਕ ਵਿਚ 100 ਬਿਸਤਰ ਵਾਲੇ ਈਐਸਆਈ ਹਸਪਤਾਲ ਦੇ ਲਈ ਜਮੀਨ ਚੋਣ ਕਰਨ ਸਮੇਤ ਹੋਰ ਪ੍ਰਕ੍ਰਿਆਵਾਂ ਨੂੰ ਪੂਰਾ ਕਰ ਲਿਆ ਗਿਆ ਹੈ। ਜਿਲਦੀ ਹੀ ਇਸ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ, ਪੰਚਕੂਲਾ ਵਿਚ ਸਥਾਪਿਤ ਡਿਸਪੋਂਸਰੀ ਦਾ ਵੀ ਉਦਘਾਟਨ ਜਲਦੀ ਕੀਤਾ ਜਾਵੇਗਾ। ਨਾਲ ਹੀ 86 ਈਐਸਆਈ ਡਿਸਪੋਂਸਰੀਆਂ ਵਿਚ ਈਸੀਜੀ ਦੀ ਸਹੂਲਤ ਵੀ ਜਲਦੀ ਸ਼ੁਰੂ ਕੀਤਾ ਜਾਵੇਗਾ। ਇੰਨ੍ਹਾਂ ਹੀ ਨਹੀਂ ਜਿਨ੍ਹਾਂ ਕਾਮਿਆਂ ਦੀ ਆਮਦਨ 1 ਲੱਖ 80 ਹਜਾਰ ਰੁਪਏ ਤੋਂ ਵੱਧ ਹੈ ਜਾਂ ਉਨ੍ਹਾਂ ਦੇ ਕੋਲ ਪਰਿਵਾਰ ਪਹਿਚਾਣ ਪੱਤਰ ਨਹੀਂ ਹੈ, ਅਜਿਹੇ ਮਜਦੂਰਾਂ ਦਾ ਵੀ ਨਿਰੋਗੀ ਹਰਿਆਣਾ ਯੋਜਨਾ ਦੇ ਤਹਿਤ ਹੈਲਥ ਚੈਕਅੱਪ ਕਰਵਾਇਆ ਜਾਵੇਗਾ।

ਮੀਟਿੰਗ ਵਿਚ ਮੁੱਖ ਸਕੱਤਰ ਟੀਵੀਐਸਐਨ ਪ੍ਰਸਾਦ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਕਿਰਤ ਵਿਭਾਗ ਦੇ ਪ੍ਰਧਾਨ ਸਕੱਤਰ ਰਾਜੀਵ ਰੰਜਨ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਆਸ਼ਿਮਾ ਬਰਾੜ, ਕਿਰਤ ਕਮਿਸ਼ਨਰ ਹਰਿਆਣਾ ਮਨੀ ਰਾਮ ਸ਼ਰਮਾ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਪੈਂਡਿੰਗ ਰਕਮ ਮਿਲੇ ਜਲਦੀ - ਮੁੱਖ ਮੰਤਰੀ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਜਿਕ ਨਿਆਂ, ਅਧਿਕਾਰਤਾ , ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਭਲਾਈ ਅਤੇ ਅੰਤੋਂਦੇਯ (ਸੇਵਾ) ਵਿਭਾਗ ਅਤੇ ਉੱਚੇਰੀ ਸਿਖਿਆ ਵਿਭਾਗ ਦੇ ਅਧਿਕਾਰੀਆਂ ਦੀ ਜਲਦੀ ਹੀ ਸੰਯੁਤ ਮੀਟਿੰਗ ਬੁਲਾਈ ਜਾਵੇ ਅਤੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪਿਛਲੇ ਸਾਲ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਪੈਂਡਿੰਗ ਰਕਮ ਜਾਰੀ ਕੀਤੀ ਜਾਵੇ। ਇਸ ਤੋਂ ਇਲਾਵਾ, ਇਸ ਸਾਲ ਤੋਂ ਦਾਖਲੇ ਦੇ ਨਾਲ ਹੀ ਸਕਾਲਰਸ਼ਿਪ ਦੀ ਰਕਮ ਜਾਰੀ ਕੀਤੀ ਜਾਵੇ, ਤਾਂ ਜੋ ਵਿਦਿਆਰਥੀਆਂ ਨੂੰ ਆਪਣੀ ਪੜਾਈ ਜਾਰੀ ਰੱਖਣ ਵਿਚ ਆਰਥਕ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਅੱਜ ਇੱਥੇ ਸਮਾਜਿਕ ਨਿਆਂ, ਅਧਿਕਾਰਤਾ, ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਭਲਾਈ ਅਤੇ ਅੰਤੋਂਦੇਯ (ਸੇਵਾ) ਵਿਭਾਗ ਦੇ ਅਧਿਕਾਰੀਆਂ ਦੇ ਨਾਲ ਸਮੀਖਿਆ ਮੀਟਿੰਗ ਕਰ ਰਹੇ ਸਨ। ਮੀਟਿੰਗ ਵਿਚ ਵਿਭਾਗ ਦੇ ਰਾਜ ਮੰਤਰੀ ਸ੍ਰੀ ਬਿਸ਼ੰਬਰ ਸਿੰਘ ਵੀ ਮੌਜੂਦ ਸਨ।

ਮੀਟਿੰਗ ਵਿਚ ਜਾਣਕਾਰੀ ਦਿੱਤੀ ਗਈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਤਹਿਤ ਅਨੁਸੂਚਿਤ ?ਾਤੀ ਦੇ ਵਿਦਿਆਰਥੀਆਂ, ਜਿਨ੍ਹਾਂ ਦੀ ਪਰਿਵਾਰਕ ਆਮਦਨ ਢਾਈ ਲੱਖ ਰੁਪਏ ਸਾਲਾਨਾ ਤੋਂ ਘੱਟ ਹੈ, ਬਿਨੈ ਦੇ ਲਈ ਯੋਗ ਹਨ। ਇਹ ਯੋ ?ਨਾ ਰਾਜ ਸਰਕਾਰ 60:40 ਅਨੁਪਾਤ ਵਿਚ ਲਾਗੂ ਕੀਤੀ ਹੈ। ਸਾਲ 2023-24 ਵਿਚ 82,248 ਵਿਦਿਆਰਥੀਆਂ ਨੂੰ 151.46 ਕਰੋੜ ਰੁਪਏ ਦੀ ਸਕਾਲਰਸ਼ਿਪ ਦਿੱਤੀ ਗਈ। ਇਸ ਤਰ੍ਹਾ, ਪਿਛੜੇ ਵਰਗ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਤਹਿਤ 55,998 ਵਿਦਿਆਰਥੀਆਂ ਨੂੰ 36.32 ਕਰੋੜ ਰੁਪਏ ਦੀ ਸਕਾਲਰਸ਼ਿਪ ਦਿੱਤੀ ਗਈ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿ+ਦੇਸ਼ ਦਿੰਦੇ ਹੋਏ ਕਿਹਾ ਕਿ ਹਰਿਆਣਾ ਰਾਜ ਸ਼ੁਭ ਜਿਯੋਤਸਨਾ ਪੈਂਸ਼ਨ ਯੋਜਨਾ ਤਹਿਤ ਹੁਣ ਤਕ 15,000 ਰੁਪਏ ਮਹੀਨਾ ਪੈਂਸ਼ਨ ਦਿੱਤੀ ਜਾ ਰਹੀ ਹੈ। ਇਸ ਰਕਮ ਵਿਚ ਵੀ ਵਾਧਾ ਕੀਤਾ ਜਾਵੇ। ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਕਿ ਲਾਭਕਾਰਾਂ ਦੀ ਗਿਣਤੀ ਲਗਭਗ 900 ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਵਿਆਹ ਸ਼ਗਨ ਯੋਜਨਾ ਤਹਿਤ ਦਿੱਤੀ ਜਾਣ ਵਾਲੀ 71 ਹਜਾਰ ਰੁਪਏ ਦੀ ਰਕਮ ਵਿੱਚੋਂ 91 ਹਜਾਰ ਰੁਪਏ ਰਜਿਸਟ ?ਰੇਸ਼ਣ ਦੇ ਨਾਲ ਹੀ ਜਾਰੀ ਕੀਤੀ ?ਾਣ, ਤਾਂ ਜੋ ਸਬੰਧਿਤ ਲਾਭਕਾਰ ਆਪਣੀ ਬੇਟੀ ਦਾ ਵਿਆਹ ਲਈ ਇਸ ਰਕਮ ਦੀ ਵਰਤੋਂ ਕਰ ਸਕਣ।

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਸੂਬੇ ਵਿਚ ਅਜਿਹੇ 80 ਸਾਲ ਤੋਂ ਵੱਧ ਉਮਰ ਦੇ ਬਜੁਰਗ , ਜੋ ਕਿੰਨ੍ਹਾਂ ਕਾਰਣਾ ਤੋਂ ਇਕੱਲੇ ਰਹਿੰਦੇ ਹਨ, ਉਨ੍ਹਾਂ ਦੀ ਦੇਖਭਾਲ ਕਰਨ ਦਾ ਬੀੜਾ ਹਰਿਆਣਾ ਸਰਕਾਰ ਨੇ ਚੁਕਿਆ ਹੈ। ਇਸ ਦੇ ਲਈ ਪੂਰੇ ਸੂਬੇ ਵਿਚ ਬਜੁਰਗ ਸਮਰੱਥ ਖੋਲੇ ?ਾ ਰਹੇ ਹਨ। ਪਹਿਲੇ ਪੜਾਅ ਵਿਚ ਗੁਰੂਗ੍ਰਾਮ, ਹਿਸਾਰ, ਝੱਜਰ, ਸਿਰਸਾ, ਸੋਨੀਪਤ ਅਤੇ ਯਮੁਨਾਨਗਰ ਵਿਚ ਇਹ ਆਸ਼ਰਮ ਖੋਲੇ ਜਾਣਗੇ। ਇੰਨਾਂ ਆਸ਼ਰਮਾਂ ਦਾ ਸੰਚਾਲਨ ਏਨਜੀਓ ਤੇ ਸਮਾਜਿਕ ਸੰਸਥਾਨਾਂ ਵੱਲੋਂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਗਰੀਬ ਪਰਿਵਾਰਾਂ ਨੂੰ ਉਨ੍ਹਾਂ ਦੇ ਮਕਾਨਾਂ ਦੀ ਮੁਰੰਮਤ ਲਈ ਸੂਬਾ ਸਰਕਾਰ ਡਾ. ਬੀਆਰ ਅੰਬੇਦਕਰ ਆਵਾਸ ਨਵੀਨੀਕਰਣ ਯੋਜਨਾ ਤਹਿਤ 80 ਹਜਾਰ ਰੁਪਏ ਦੀ ਵਿੱਤੀ ਸਹਾਇਤਾ ਉਪਲਬਧ ਕਰਵਾਉਂਦੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਯੋਜਨਾ ਤਹਿਤ ਪ੍ਰਾਪਤ ਬਿਨਿਆਂ ਦੀ ਤਸਦੀਕ ਦੀ ਪ੍ਰਕ੍ਰਿਆ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ਅਤੇ ਵਿੱਤੀ ਸਹਾਇਤਾ ਜਾਰੀ ਕੀਤੀ ?ਾਵੇ।

ਚੌਪਾਲਾਂ ਦੀ ਮੁਰੰਮਤ ਲਈ 1.20 ਕਰੋੜ ਰੁਪਏ ਤੋਂ ਵੱਧ ਦੀ ਰਕਮ ਕੀਤੀ ਮੰਜੂਰ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਰਿਵਾੜੀ ਜਿਲ੍ਹੇ ਦੇ ਬਾਵਲ ਵਿਧਾਨਸਭਾ ਖੇਤਰ ਦੇ ਵੱਖ-ਵੱਖ ਪਿੰਡਾਂ ਵਿਚ ਅਨੁਸੂਚਿਤ ਜਾਤੀ (ਐਸਸੀ ਅਤੇ ਪਿਛੜਾ ਵਰਗ (ਬੀਸੀ) ਚੌਪਾਲਾਂ ਦੀ ਮੁਰੰਮਤ ਲਈ 1.20 ਕਰੋੜ ਰੁਪਏ ਤੋਂ ਵੱਧ ਦੀ ਰਕਮ ਮੰਜੂਰ ਕੀਤੀ ਹੈ।

ਜਨਸਿਹਤ ਇੰਜੀਨੀਅਰਿਗ ਅਤੇ ਲੋਕ ਨਿਰਮਾਣ (ਭਵਨ ਅਤੇ ਸੜਕਾਂ) ਵਿਭਾਗ ਮੰਤਰੀ ਡਾ. ਬਨਵਾਰੀ ਲਾਲ ਨੇ ਇੰਨ੍ਹਾਂ ਚੌਪਾਲਾਂ ਦੀ ਮੁਰੰਮਤਦਾ ਕੰਮ ਸਮੇਂਬੱਧ ਢੰਗ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਚੌਪਾਲਾਂ ਮਹਤੱਵਪੂਰਨ ਕੰਮਿਊਨਿਟੀ ਸਥਾਨ ਹਨ, ਜਿਨ੍ਹਾਂ ਦੀ ਵਰਤੋਂ ਗ੍ਰਾਮੀਣ ਮੀਟਿੰਗਾਂ ਪ੍ਰਬੰਧਿਤ ਕਰਨ , ਵਿਆਹ ਸਮਾਰੋਹ ਪ੍ਰਬੰਧਿਤ ਕਰਨ ਤੇ ਹੋਰ ਸਮਾਜਿਕ ਪ੍ਰੋਗ੍ਰਾਮਾਂ ਲਈ ਕੀਤਾ ਜਾਂਦਾ ਹੈ।

ਡਾ. ਬਨਵਾਰੀ ਲਾਲ ਨੇ ਚੌਪਾਲਾਂ ਦੀ ਮੁਰੰਮਤ ਲਈ ਮੰਜੂਰ ਰਕਮ ਦਾ ਵੇਰਵਾ ਦਿੰਦੇ ਹੋਏ ਦਸਿਆ ਕਿ ਪਿੰਡ ਅਲਾਵਲਪੁਰ ਵਿਚ ਐਸਸੀ ਚੌਪਾ ਲਈ 1.62 ਲੱਖ ਰੁਪਏ ਤੇ ਬੀਸੀ ਚੌਪਾਲ ਦੀ ਮੁਰੰਮਤ ਲਈ 4.67 ਲੱਖ ਰੁਪਏ ਅਤੇ ਪਿੰਡ ਆਨੰਦਪੁਰ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.99 ਲੱਖ ਰੁਪਏ, ਪਿੰਡ ਆਸਰਾ ਦਾ ਮਾਜਰਾ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.62 ਲੱਖ ਰੁਪਏ, ਪਿੰਡ ਬਾਲਾਵਾਸ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.98 ਲੱਖ ਰੁਪਏ, ਭਰਮਪੁਰ ਭਾਰਗੀ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 2.75 ਲੱਖ ਰੁਪਏ, ਪਿੰਡ ਬਰਵਾਲ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 3.73 ਲੱਖ ਰੁਪਏ, ਪਿੰਡ ਭਗਵਾਨਪੁਰ (ਸੁਬਾਸੇਰੀ) ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 5.95 ਲੱਖ ਰੁਪਏ, ਪਿੰਡ ਚਾਂਦੂਵਾਸ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.24 ਲੱਖ ਰੁਪਏ, ਪਿੰਡ ਚਿਰਹਰਾ ਵਿਚ ਬੀਸੀ ਚੌਪਾਲ ਦੀ ਮੁਰੰਮਤ ਲਈ 3.87 ਲੱਖ ਰੁਪਏ , ਪਿੰਡ ਧਾਰਣ ਵਿਚ ਬੀਸੀ ਚੌਪਾਲ ਦੀ ਮੁਰੰਮਤ ਲਈ 4.96 ਲੱਖ ਰੁਪਏ ਤੇ ਐਸਸੀ ਚੌਪਾਲ ਦੀ ਮੁਰੰਮਤ ਲਈ 4.98 ਲੱਖ ਰੁਪਏ, ਪਿੰਡ ਧਰਚਾਨਾ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 6.27 ਲੱਖ ਰੁਪਏ ਅਤੇ ਪਿੰਡ ਗੁੱਜਰ ਮਾਜਰੀ ਵਿਚ ਬੀਸੀ ਚੌਪਾਲ ਦੀ ਮੁਰੰਮਤ ਲਈ 4.6 ਲੱਖ ਰੁਪਏ ਮੰਜੂਰ ਕੀਤੇ ਗਏ ਹਨ।

ਡਾ. ਬਨਵਾਰੀ ਲਾਲ ਨੇ ਦਸਿਆ ਕਿ ਇਸੀ ਤਰ੍ਹਾ, ਪਿੰਡ ਜੈਯਸਿੰਘਪੁਰ ਖੇੜਾ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.34 ਲੱਖ ਰੁਪਏ, ਪਿੰਡ ਝਾਬੂਬਾ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 1.32 ਲੱਖ ਰੁਪਏ, ਪਿੰਡ ਕੇਸ਼ੂਪੁਰ ਵਿਚ ਐਸਸੀ ਚੌਪਾਲ ਦੀ ਮੁਰੰਮਤ ਨਈ 4.96 ਲੱਖ ਰੁਪਏ, ਪਿੰਡ ਖੰਡੋਰਾ ਵਿਚ ਬੀਸੀ ਚੌਪਾਲ ਦੀ ਮੁਰੰਮਤ ਲਈ 4.67 ਲੱਖ ਰੁਪਏ, ਪਿੰਡ ਨੰਗੋਲੀ ਪਰਸਾਪੁਰ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 2.56 ਲੱਖ ਰੁਪਏ, ਪਿੰਡ ਪ੍ਰਾਣਪੁਰਾ (ਬਾਵਲ) ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 6.05 ਲੱਖ ਰੁਪਏ, ਪਿੰਡ ਸ਼ਾਹਪੁਰ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 5.87 ਲੱਖ ਰੁਪਏ, ਪਿੰਡ ਸ਼ੇਖਪੁਰ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 5.99 ਲੱਖ ਰੁਪਏ, ਪਿੰਡ ਸੁਠਾਨੀ ਵਿਚ ਐਸਸੀ ਚੌਪਾਲ ਦੀ ਮੁਰੰਮਤ ਨਈ 1.73 ਲੱਖ ਰੁਪਏ, ਪਿੰਡ ਟਾਕਰੀ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.46 ਲੱਖ ਰੁਪਏ, ਪਿੰਡ ਤਿਹਾੜਾ ਵਿਚ ਬੀਸੀ ਚੌਪਾਲ ਦੀ ਮੁਰੰਮਤ ਲਈ 6.24 ਲੱਖ ਰੁਪਏ , ਪਿੰਡ ਪ੍ਰਾਣਪੁਰਾ (ਖੋਲ) ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 4.19 ਲੱਖ ਰੁਪਏ, ਪਿੰਡ ਪੁਸੀਕਾ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 2.87 ਲੱਖ ਰੁਪਏ ਤੇ ਪਿੰਡ ਨਰਾਇਣਪੁਰ ਵਿਚ ਐਸਸੀ ਚੌਪਾਲ ਦੀ ਮੁਰੰਮਤ ਲਈ 3.01 ਲੱਖ ਰੁਪਏ ਮੰਜੂਰ ਕੀਤੇ ਗਏ ਹਨ।

ਹਰਿਆਣਾ ਵਿਧਾਨ ਸਭਾ ਚੋਣਾਂ 'ਚ ਭਾਜਪਾ ਦਾ ਹੋਵੇਗਾ ਸਫਾਇਆ: ਹੁੱਡਾ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿੱਚ ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਪਾਰਟੀ ਨੇ ਵਿਧਾਨ ਸਭਾ ਚੋਣਾਂ ਲਈ ਤਿਆਰੀ ਖਿੱਚ ਦਿੱਤੀ ਹੈ। ਕਾਂਗਰਸ ਵੱਲੋਂ 16 ਜੂਨ ਨੂੰ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗਾਂ ਕੀਤੀਆਂ ਜਾਣਗੀਆਂ। ਇਨ੍ਹਾਂ ਮੀਟਿੰਗਾਂ ਰਾਹੀਂ ਕਾਂਗਰਸ ਪਾਰਟੀ ਅਗਾਮੀ ਵਿਧਾਨ ਸਭਾ ਚੋਣਾਂ ਲਈ ਰਣਨੀਤੀ ਤਿਆਰ ਕਰੇਗੀ। ਇਹ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਹਰਿਆਣਾ 'ਚ ਲੋਕ ਸਭਾ ਚੋਣ 'ਚ ਭਾਜਪਾ ਅੱ

ਮੁਬਾਰਕਪੁਰ ਰੇਲਵੇ ਅੰਡਰਪਾਸ ਦੀ ਖਸਤਾ ਹਾਲ ਸੜਕ ਕਾਰਨ ਵਾਹਨ ਚਾਲਕ ਡਾਹਢੇ ਪ੍ਰੇਸ਼ਾਨ

ਡੇਰਾ ਬਸੀ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਇਥੋਂ ਦੇ ਮੁਬਾਰਕਪੁਰ ਰੇਲਵੇ ਅੰਡਰਪਾਸ ਦੀ ਖਸਤਾ ਹਾਲਤ ਸੜਕ ਸਬੰਧੀ ਪੰਜਾਬੀ ਜਾਗਰਣ ਵੱਲੋਂ ਲਗਾਤਾਰ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ ਪਰ ਇਸ ਦੇ ਬਾਵਜੂਦ ਵੀ ਪ੍ਰਸ਼ਾਸਨ ਅਤੇ ਸਰਕਾਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਹੀ। ਜਿਸ ਕਾਰਨ ਅੰਡਰਪਾਸ ਦੀ ਹਾਲਤ ਖ਼ਸਤਾ ਹੋ ਚੁੱਕੀ ਹੈ। ਜਿਸ ਕਾਰਨ ਸਾਰਾ ਦਿਨ ਅੰਡਰਪਾਸ ਵਿੱਚ ਧੂੜ ਉਡਦੀ ਰਹਿੰਦੀ ਹੈ ਅਤੇ ਹਨੇਰਾ ਛਾਇਆ ਰਹਿੰਦਾ ਹੈ। ਜਿਸ ਕਾਰਨ ਵਾਹਨ ਚਾਲਕਾਂ ਆਪਣੇ ਵਾਹਨਾਂ ਦੀਆਂ ਲਾਈਟਾਂ ਜਗਾਕੇ ਇਥੋਂ ਗੁਜ਼ਰਦੇ ਹਨ। ਸਥਾਨਕ ਲੋਕਾਂ ਨੇ ਦੱਸਿਆ ਕਿ ਅੰਡਰਪਾਸ ਵਿੱਚ ਉਡਦੀ ਧੂੜ ਅਤੇ ਹਨੇਰੇ ਕਾਰਨ ਕੋਈ ਵੀ ਭਿਆਨਕ ਹਾਦਸਾ ਵਾਪਰ ਸਕਦਾ ਹੈ। ਕੁੱਝ ਦਿਨ ਪਹਿਲਾਂ ਇਥੇ ਸਥਾਨਕ ਪ੍ਰਸ਼ਾਸਨ ਵੱਲੋਂ ਗਟਕਾ ਪਵਾਕੇ ਇਸ ਦੀ ਹਾਲਤ ਸੁਧਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਅੱਜ ਵੀ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਮੁਬਾਰਕਪੁਰ ਰੇਲਵੇ ਅੰਡਰਪਾਸ ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਇਥੇ ਥੋੜਾ ਜਿਹਾ ਮੀਂਹ ਪੈਂਦੇ ਹੀ ਪਾਣੀ ਭਰ ਜਾਂਦਾ ਹੈ। ਇਥੇ ਭਰੇ ਪਾਣੀ ਵਿੱਚੋਂ ਲੰਘਣ ਕਾਰਨ ਸੜਕ ਦੀ ਹਾਲਤ ਲੰਮੇ ਸਮੇਂ ਤੋਂ ਖਸਤਾ ਹੋਈ ਪਈ ਹੈ।

ਇਸਦੀ ਲੰਮੇ ਸਮੇਂ ਤੋਂ ਮੁਰੰਮਤ ਨਾ ਹੋਣ ਕਾਰਨ ਸੜਕ 'ਤੇ ਵੱਡੇ ਵੱਡੇ ਟੋਏ ਪੈ ਗਏ ਹਨ। ਇਥੇ ਖੱਡਿਆਂ ਵਿੱਚ ਡਿੱਗ ਕੇ ਕਈਂ ਵਾਹਨ ਹਾਦਸਾਗ੍ਰਸਤ ਹੋ ਗਏ ਹਨ। ਲੰਘੇ ਦਿਨਾਂ ਤੋਂ ਲਗਾਤਾਰ ਇਥੇ ਵਾਹਨ ਡਿੱਗ ਰਹੇ ਹਨ। ਕੁੱਝ ਮਹੀਨਿਆਂ ਪਹਿਲਾਂ ਸਵਾਰੀਆਂ ਨਾਲ ਭਰੀ ਸੀਟੀਯੂ ਦੀ ਬੱਸ ਵੀ ਇਸ ਅੰਡਰਪਾਸ ਵਿੱਚ ਪਏ ਟੋਇਆਂ ਵਿੱਚ ਫਸ ਗਈ ਸੀ, ਜਿਸ ਕਾਰਨ ਵੱਡਾ ਹਾਦਸਾ ਹੋਣੋਂ ਟਲ ਗਿਆ ਸੀ। ਇਸਦੀ ਹਾਲਤ ਸੁਧਾਰਨ ਲਈ ਕਈਂ ਵਾਰ ਲੋਕ ਪ੍ਰਦਰਸ਼ਨ ਵੀ ਕਰ ਚੁੱਕੇ ਹਨ। ਬੀਤੇ ਕੁੱਝ ਮਹੀਨੇ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕ ਪ੍ਰੋਗਰਾਮ ਦੌਰਾਨ ਪਿੰਡ ਭਾਂਖਰਪੁਰ ਆਏ ਸੀ ਜਿਸ ਦੌਰਾਨ ਉਨ੍ਹਾਂ ਨੇ ਇਸ ਅੰਡਰਪਾਸ ਦੀ ਮੁਰੰਮਤ ਲਈ ਪੌਣੇ ਦੋ ਕਰੋੜ ਰੁਪਏ ਪਾਸ ਕਰਨ ਦਾ ਵਾਅਦਾ ਕੀਤਾ ਸੀ ਪਰ ਹਾਲੇ ਤੱਕ ਇਸਦਾ ਕੰਮ ਚਾਲੂ ਨਹੀਂ ਹੋਇਆ।

ਮੁਬਾਰਕਪੁਰ ਵਾਸੀਆਂ ਨੇ ਦੱਸਿਆ ਕਿ ਇਸਦੀ ਸੜਕ ਦੀ ਖਸਤਾ ਹਾਲ ਦੇਖਦਿਆਂ ਸੀਟੀਯੂ ਵੱਲੋਂ ਆਪਣੀ ਮੁਬਾਰਕਪੁਰ ਦੀ ਸਰਵਿਸ ਬੰਦ ਕਰ ਦਿੱਤੀ ਹੈ। ਬੱਸ ਦੇ ਡਰਾਈਵਰਾਂ ਦਾ ਕਹਿਣਾ ਹੈ ਕਿ ਇਥੇ ਰੋਜ਼ਾਨਾ ਬੱਸ ਫਸ ਰਹੀ ਸੀ ਜਿਸ ਨੂੰ ਦੇਖਦਿਆਂ ਇਥੋਂ ਸਰਵਿਸ ਬੰਦ ਕਰ ਦਿੱਤੀ ਹੈ। ਇਸ ਕਾਰਨ ਚੰਡੀਗੜ੍ਹ ਪੀਜੀਆਈ ਵਿੱਚ ਜਾਣ ਵਾਲੇ ਮਰੀਜਾਂ ਅਤੇ ਸਕੂਲ, ਕਾਲਜਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਨੂੰ ਭਾਰੀ ਦਿੱਕਤਾਂ ਆ ਰਹੀਆਂ ਹਨ। ਅੱਜ ਇਸ ਅੰਡਰਪਾਸ ਦੀ ਹਾਲਤ ਇੰਨੀ ਖ਼ਸਤਾ ਹੋ ਚੁੱਕੀ ਹੈ ਕਿ ਇਥੇ ਦਿਨ ਵੇਲੇ ਵੀ ਧੂੜ ਕਾਰਨ ਹਨੇਰਾ ਛਾਇਆ ਰਹਿੰਦਾ ਹੈ। ਜਿਸ ਕਾਰਨ ਵਾਹਨ ਚਾਲਕਾਂ ਆਪਣੇ ਵਾਹਨਾਂ ਦੀਆਂ ਲਾਈਟਾਂ ਜਗਾਕੇ ਇਥੋਂ ਗੁਜ਼ਰਦੇ ਹਨ। ਜਿਸ ਕਾਰਨ ਕੋਈ ਵੀ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ।

ਇਥੇ ਇਹ ਵੀ ਦੱਸਣਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਇਥੇ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਉਕਤ ਅੰਡਰਪਾਸ ਵਿੱਚ ਐੱਲ ਈਡੀ ਲਾਈਟਾਂ ਵੀ ਲਗਾਇਆ ਗਈਆਂ ਸਨ ਜ਼ੋ ਕਿ ਅੱਜ ਕੱਲ੍ਹ ਬੰਦ ਪਈਆਂ ਹਨ। ਦੱਸਣਯੋਗ ਹੈ ਕਿ ਇਸ ਅੰਡਰਪਾਸ ਵਿਚੋਂ 20 ਤੋਂ ਜ਼ਿਆਦਾ ਪਿੰਡਾਂ ਨੂੰ ਜਾਣ ਦਾ ਰਾਹ ਹੈ ਅਤੇ ਇਸ ਦੇ ਨਾਲ ਹੀ ਡੇਰਾਬੱਸੀ ਮੁਬਾਰਕਪੁਰ ਰੋਡ ਤੇ ਸਥਿਤ ਫੋਕਲ ਪੁਆਇੰਟ ਵਿੱਚ ਸਥਿਤ ਫੈਕਟਰੀਆਂ ਵਿਚ ਅਨੇਕਾਂ ਲੋਕ ਆਪਣੀ ਰੋਟੀ ਕਮਾਉਣ ਲਈ ਇਸ ਅੰਡਰਪਾਸ ਤੋਂ ਹੋਕੇ ਗੁਜ਼ਰਦੇ ਹਨ। ਜਿਨ੍ਹਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਲੋਕਾਂ ਨੇ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਲੋਕਾਂ ਦੀ ਜਾਨ ਮਾਲ ਦੀ ਰੱਖਿਆ ਨੂੰ ਮੁੱਖ ਰੱਖ ਕੇ ਇਸ ਅੰਡਰਪਾਸ ਦੀ ਹਾਲਤ ਵੀ ਸੁਧਾਰ ਕੀਤਾ ਜਾਵੇ ਤਾਂ ਜ਼ੋ ਲੋਕਾਂ ਦੀਆਂ ਪ੍ਰੇਸ਼ਾਨੀਆਂ ਦਾ ਹੱਲ ਹੋ ਸਕੇ।

ਸ਼ਰਧਾਲੂਆਂ ਨਾਲ ਭਰਿਆ ਕੈਂਟਰ ਪਲਟਣ ਕਾਰਨ ਬੱਚੀ ਸਣੇ ਤਿੰਨ ਹਲਾਕ

ਗੜ੍ਹਸ਼ੰਕਰ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਖੁਰਾਲਗੜ੍ਹ ਸਾਹਿਬ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਨਾਲ ਭਰਿਆ ਕੈਂਟਰ ਨੈਣਵਾਂ ਵਿੱਚ ਪਲਟ ਗਿਆ ਜਿਸ ਕਾਰਨ ਇੱਕ ਬੱਚੀ ਸਣੇ ਤਿੰਨ ਸ਼ਰਧਾਲੂਆਂ ਦੀ ਮੌਤ ਹੋ ਗਈ। ਇਹ ਸ਼ਰਧਾਲੂ ਪਿੰਡ ਉੜਦਣ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ ਵਸਨੀਕ ਦੱਸੇ ਜਾ ਰਹੇ ਹਨ। ਜਾਣਕਾਰੀ ਅਨੁਸਾਰ ਇਹ ਹਾਦਸਾ ਪਿੰਡ ਨੈਣਵਾਂ ਨੇੜੇ ਪ੍ਰੇਮ ਦਾਸ ਕੁਟੀਆ ਟੋਰੋਵਾਲ ਕੋਲ ਵਾਪਰਿਆ ਦੱਸਿਆ ਜਾਂਦਾ ਹੈ। ਹਾਦਸੇ ਦੇ ਤੁਰੰਤ ਬਾਅਦ ਪਿੰਡ ਟੋਰੋਵਾਲ ਤੇ ਨੈਣਵਾਂ ਦੇ ਵਸਨੀਕਾਂ ਅਤੇ ਹੋਰਾਂ ਨੇ ਮੌਕੇ 'ਤੇ ਪਹੁੰਚ ਕੇ ਜ਼ਖਮੀਆਂ ਨੂੰ ਬਾਹਰ ਕੱਢਿਆ ਤੇ ਪੁਲੀਸ ਦੀ ਮਦਦ ਨਾਲ ਸਿਵਲ ਹਸਪਤਾਲ ਗੜ੍ਹਸ਼ੰਕਰ ਪਹੁੰਚਾਇਆ।

ਲੋਕਾਂ ਨੇ ਦੱਸਿਆ ਕਿ ਕੈਂਟਰ ਦੀਆਂ ਬਰੇਕਾਂ ਨਾ ਲੱਗਣ ਕਾਰਨ ਇਹ ਹਾਦਸਾ ਵਾਪਰਿਆ ਜਿਸ ਕਾਰਨ ਨੌਂ ਸਾਲਾ ਬੱਚੀ ਸਣੇ ਤਿੰਨ ਜਣਿਆਂ ਦੀ ਮੌਤ ਹੋ ਗਈ ਅਤੇ 40 ਦੇ ਕਰੀਬ ਸ਼ਰਧਾਲੂ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਅਤੇ ਸੜੋਆ ਦਾਖਲ ਕਰਵਾਇਆ ਗਿਆ ਜਿਨ੍ਹਾਂ ਵਿੱਚੋਂ 17-18 ਮਰੀਜ਼ਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਪੀਜੀਆਈ ਚੰਡੀਗੜ੍ਹ ਤੇ ਸਰਕਾਰੀ ਕਾਲਜ ਤੇ ਹਸਪਤਾਲ ਸੈਕਟਰ-32 ਵਿੱਚ ਭੇਜ ਦਿੱਤਾ ਗਿਆ ਹੈ। ਮਰਨ ਵਾਲਿਆਂ ਦੀ ਪਛਾਣ ਨੌਂ ਸਾਲਾ ਨਵਜੋਤ ਕੌਰ, ਗੁਰਮੁੱਖ ਸਿੰਘ ਪੁੱਤਰ ਨੱਥਾ ਰਾਮ (50) ਅਤੇ ਜਸਮੇਰ ਸਿੰਘ (45) ਵਾਸੀ ਪਿੰਡ ਉੜਦਣ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਵਜੋਂ ਹੋਈ ਹੈ। ਪੁਲੀਸ ਨੇ ਇਸ ਸਬੰਧੀ ਕਾਰਵਾਈ ਆਰੰਭ ਦਿੱਤੀ ਹੈ। ਪਤਾ ਲੱਗਿਆ ਹੈ ਕਿ ਪਿੰਡ ਉੜਦਣ ਵਿੱਚ ਅੱਜ ਤਿੰਨਾਂ ਦਾ ਸਸਕਾਰ ਵੀ ਕਰ ਦਿੱਤਾ ਗਿਆ।

ਡੇਰਾਬੱਸੀ ਨਗਰ ਕੌਂਸਲ ਦੀ ਮੀਟਿੰਗ ਦੌਰਾਨ ਪਾਣੀ ਦੀ ਕਿੱਲਤ ਨੂੰ ਲੈ ਕੇ ਜੰਮਕੇ ਹੋਇਆ ਹੰਗਾਮਾ

ਡੇਰਾ ਬਸੀ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਕੌਂਸਲ ਦੀ ਲੋਕ ਸਭਾ ਚੋਣਾਂ ਤੋਂ ਬਾਅਦ ਪਹਿਲੀ ਮੀਟਿੰਗ ਪ੍ਰਧਾਨ ਆਸ਼ੂ ਉਪਨੇਜਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਸ਼ਹਿਰ ਵਿੱਚ ਪਾਣੀ ਦੀ ਕਿੱਲਤ ਨੂੰ ਲੈ ਕੇ ਅੱਜ ਨਗਰ ਕੌਂਸਲ ਦੀ ਮਹੀਨਾਂਵਾਰ ਮੀਟਿੰਗ ਵਿੱਚ ਜੰਮਕੇ ਹੰਗਾਮਾ ਹੋਇਆ। ਵਾਰਡ ਨੰਬਰ 19 ਤੋਂ ਭਾਜਪਾ ਕੌਂਸਲਰ ਐਡਵੋਕੇਟ ਵਿਕਰਾਂਤ ਪਵਾਰ ਮੀਟਿੰਗ ਵਿੱਚ ਸ਼ਹਿਰ ਵਿੱਚ ਵਧ ਰਹੇ ਪਾਣੀ ਦੇ ਸੰਕਟ ਖ਼ਿਲਾਫ਼ ਬੋਲ ਰਹੇ ਸੀ ਜਿਸ ਦੌਰਾਨ ਪ੍ਰਧਾਨ ਆਸ਼ੂ ਉਪਨੇਜਾ ਦੇ ਪਤੀ ਨਰੇਸ਼ ਉਪਨੇਜਾ ਅਤੇ ਸੱਤਾਧਾਰੀ ਕੌਂਸਲਰ ਦੇ ਪਤੀ ਦਵਿੰਦਰ ਸਿੰਘ ਨਾਲ ਉਸਦੀ ਜਬਰਦਸਤ ਤਕਰਾਰ ਹੋ ਗਈ। ਤਕਰਾਰ ਐਨੀ ਵਧ ਗਈ ਕਿ ਦੋਵਾਂ ਵਿਚਕਾਰ ਜੰਮਕੇ ਤਲਖੀ ਹੋਈ ਜੋ ਦੂਜੇ ਹੋਰਨਾਂ ਕੌਂਸਲਰਾਂ ਵੱਲੋਂ ਦੋਵਾਂ ਨੂੰ ਸ਼ਾਂਤ ਕੀਤਾ ਗਿਆ। ਇਸ ਨੂੰ ਲੈ ਕੇ ਐਡਵੋਕੇਟ ਵਿਕਰਾਂਤ ਪਵਾਰ ਨੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਲਿਖਤੀ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਮੀਟਿੰਗ ਦੌਰਾਨ ਵਾਰਡ ਨੰਬਰ 13 ਤੋਂ ਪ੍ਰਧਾਨ ਆਸ਼ੂ ਉਪਨੇਜਾ ਅਤੇ ਵਾਰਡ ਨੰਬਰ ਸੱਤ ਤੋਂ ਵਿਪਨਦੀਪ ਕੌਰ ਦੇ ਪਤੀ ਦਵਿੰਦਰ ਕੌਰ ਗੈਰ ਕਾਨੂੰਨੀ ਤੌਰ 'ਤੇ ਮੀਟਿੰਗ ਵਿੱਚ ਬੈਠਦੇ ਹਨ ਜਦਕਿ ਦੋਵਾਂ ਦੀ ਪਤਨੀਆਂ ਰਬੜ ਸਟੈਂਪ ਬਣ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਵੀ ਪ੍ਰਧਾਨ ਅਤੇ ਕੌਂਸਲਰ ਵਿਪਨਕੌਰ ਕੁਝ ਨਹੀ ਬੋਲੇ ਪਰ ਦੋਵਾਂ ਦੇ ਪਤੀ ਉਨ੍ਹਾਂ ਦੀ ਵੱਲੋਂ ਅੱਗੇ ਹੋ ਕੇ ਬਹਿਸ ਕਰ ਰਹੇ ਸੀ। ਜਦਕਿ ਸਰਕਾਰ ਵੱਲੋਂ ਔਰਤਾਂ ਨੂੰ ਅੱਗੇ ਲਿਆਉਣ ਲਈ ਮਹਿਲਾ ਕੌਂਸਲਰਾਂ ਲਈ ਸੀਟਾਂ ਰਾਂਖਵਾ ਰੱਖਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ ਕਾਰਜ ਪੂਰੀ ਤਰਾਂ ਠੱਪ ਹੋ ਗਏ ਹਨ ਜਿਸ ਕਾਰਨ ਲੋਕਾਂ ਦਾ ਬੁਰਾ ਹਾਲ ਹੋ ਰਿਹਾ ਹੈ ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਕਰ ਰਿਹਾ ਹੈ।

ਦੂਜੇ ਪਾਸੇ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪਾਣੀ ਦੀ ਕਿੱਲਤ ਨੂੰ ਦੇਖਦਿਆਂ ਸ਼ਹਿਰ ਵਿੱਚ ਸੈਲੋ ਟਿਊਬਵੈਲ ਲਾਉਣ ਦਾ ਮਤਾ ਪਾਸ ਕੀਤਾ ਗਿਆ। ਇਨ੍ਹਾਂ ਵਿੱਚ ਸਰਸਵਤੀ ਵਿਹਾਰ, ਸ਼ਕਤੀ ਨਗਰ, ਗੁਲਾਬਗੜ੍ਹ ਰੋਡ, ਆਸ਼ੀਆਨਾ ਕਲੋਨੀ, ਬਰਵਾਲਾ ਰੋਡ, ਮੁਬਾਰਕਪੁਰ ਸ਼ਾਮਲ ਹਨ। ਇਸ ਤੋਂ ਇਲਾਵਾ ਸ਼ਹਿਰ ਦੀ ਤਹਿਸੀਲ ਅਤੇ ਅਨਾਜ ਮੰਡੀ 'ਤੇ ਵਧ ਰਹੀ ਜਾਮ ਦੀ ਸਮੱਸਿਆ ਦੇ ਹੱਲ ਲਈ ਇਸ ਸੜਕ 'ਤੇ ਲੱਗੇ ਬਿਜਲੀ ਦੇ ਖੰਭਿਆਂ ਨੂੰ ਹਟਾ ਕੇ ਤਾਰਾਂ ਜ਼ਮੀਨਦੋਜ਼ ਕਰਨ ਦਾ ਮਤਾ ਪਾਸ ਕੀਤਾ ਗਿਆ। ਮੌਨਸੂਨ ਦੌਰਾਨ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਲਈ ਨਾਲਿਆਂ ਦੀ ਸਫਾਈ ਅਤੇ ਹੋਰ ਢੁੱਕਵੇਂ ਪ੍ਰਬੰਧ ਕਰਨ ਦਾ ਮਤਾ ਪਾਸ ਕੀਤਾ ਗਿਆ। ਇਸ ਦੌਰਾਨ ਕਾਰਜ ਸਾਧਕ ਅਫਸਰ ਜਗਜੀਤ ਸਿੰਘ ਜੱਜ ਸਣੇ ਹੋਰ ਹਾਜ਼ਰ ਸਨ।

ਸ਼ਹਿਰ ਵਿੱਚ ਦੋ ਥਾਵਾਂ ਤੇ ਲੱਗੀ ਭਿਆਨਕ ਅੱਗ

ਜ਼ੀਰਕਪੁਰ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਵਿੱਚ ਅੱਤ ਦੀ ਗਰਮੀ ਵਿੱਚ ਅੱਗ ਲੱਗਣ ਦੀ ਘਟਨਾਵਾਂ ਵਧਦੀ ਜਾ ਰਹੀਆਂ ਹਨ। ਅੱਜ ਸ਼ਹਿਰ ਵਿੱਚ ਦੋ ਥਾਵਾਂ 'ਤੇ ਭਿਆਨਕ ਅੱਗ ਲੱਗ ਗਈ ਜਿਨ੍ਹਾਂ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਨੂੰ ਕਾਫੀ ਦੇਰ ਤੱਕ ਮਸ਼ਕਨ ਕਰਨੀ ਪਈ।

ਇਕੱਤਰ ਕੀਤੀ ਜਾਣਕਾਰੀ ਅਨੁਸਾਰ ਨਗਰ ਕੌਂਸਲ ਰੋਡ 'ਤੇ ਸਥਿਤ ਪੁਲੀਸ ਸਟੇਸ਼ਨ ਦੇ ਬਾਹਰ ਕੇਸ ਪ੍ਰਾਪਰਟੀ ਵਜੋਂ ਜ਼ਬਤ ਕੀਤੇ ਵਾਹਨਾਂ ਨੂੰ ਅੱਜ ਸ਼ਾਮ ਪੰਜ ਵਜੇ ਦੇ ਕਰੀਬ ਕਿਸੇ ਸ਼ਰਾਰਤੀ ਅਨਸਰ ਵੱਲੋਂ ਅੱਗ ਲਾ ਦਿੱਤੀ ਗਈ। ਗਰਮੀ ਵਿੱਚ ਪਹਿਲਾਂ ਤੋਂ ਤਪ ਰਹੇ ਵਾਹਨਾਂ ਵਿੱਚ ਕੁਝ ਦੇਰ ਵਿੱਚ ਹੀ ਅੱਗ ਭੜਕ ਗਈ ਅਤੇ ਉਸਨੇ ਇਕ ਤੋਂ ਬਾਅਦ 30 ਦੇ ਕਰੀਬ ਵਾਹਨਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਦੀ ਭਾਬੜਾਂ ਦੇਖ ਤਹਿਸੀਲ ਸੜਕ 'ਤੇ ਭਾਜੜਾਂ ਪੈ ਗਈਆਂ। ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਨੂੰ ਬੁਲਾਉਣਾ ਪਿਆ। ਫਾਇਰ ਬ੍ਰਿਗੇਡ ਦੀ ਚਾਰ ਗੱਡੀਆਂ ਨੇ ਕਰੀਬ ਦੋ ਘੰਟੇ ਵਿੱਚ ਅੱਗ 'ਤੇ ਕਾਬੂ ਪਾਇਆ। ਇਸ ਦੌਰਾਨ ਵਾਹਨ ਸੜ ਕੇ ਸੁਆਹ ਹੋ ਗਏ ਸੀ। ਥਾਣਾ ਮੁਖੀ ਜਸਕੰਵਲ ਸਿੰਘ ਨੇ ਕਿਹਾ ਕਿ ਨਗਰ ਕੌਂਸਲ ਰੋਡ ਨੂੰ ਨਵੇਂ ਸਿਰੇ ਤੋਂ ਬਣਾਇਆ ਗਿਆ ਹੈ ਜਿਸਦੇ ਚਲਦਿਆਂ ਪੁਲੀਸ ਸਟੇਸ਼ਨ ਦੇ ਬਾਹਰ ਕੇਸ ਪ੍ਰਾਪਰਟੀ ਵਿੱਚ ਜ਼ਬਤ ਕੀਤੇ ਵਾਹਨ ਥੋੜਾ ਅੱਗੇ ਗਊਸ਼ਾਲਾ ਰੋਡ 'ਤੇ ਖੜ੍ਹੇ ਕੀਤੇ ਹੋਏ ਸੀ। ਉਨ੍ਹਾਂ ਨੇ ਕਿਹਾ ਕਿ ਸ਼ਾਮ ਨੂੰ ਅੱਗ ਦੀ ਭਾਬੜਾਂ ਦੇਖ ਅੱਗ ਲੱਗਣ ਦੀ ਸੂਚਨਾ ਰਾਹਗੀਰਾਂ ਨੇ ਦਿੱਤੀ ਜਿਸ ਮਗਰੋਂ ਤੁਰੰਤ ਫਾਇਰ ਬ੍ਰਿਗੇਡ ਨੂੰ ਇਸਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਵਾਹਨਾਂ ਵਿੱਚ ਚਾਰ ਪਹੀਆ ਅਤੇ ਦੋ ਪਹੀਆ ਵਾਹਨ ਸ਼ਾਮਲ ਸੀ। ਉਨ੍ਹਾਂ ਨੇ ਕਿਹਾ ਕਿ ਸ਼ੁਕਰ ਰਿਹਾ ਕਿ ਕਿਸੇ ਵੀ ਵਾਹਨ ਦੀ ਟੈਂਕੀ ਵਿੱਚ ਜ਼ਿਆਦਾ ਤੇਲ ਨਹੀਂ ਸੀ ਅਤੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

ਇਸ ਤੋਂ ਇਲਾਵਾ ਬਲਟਾਣਾ ਦੇ ਸੈਣੀ ਵਿਹਾਰ ਫੇਜ਼ 2 ਵਿੱਚ ਮੀਟਰ ਬਕਸੇ ਨੂੰ ਅਚਾਨਕ ਅੱਗ ਲੱਗ ਗਈ। ਅੱਗ ਐਨੀ ਜਬਰਦਸਤ ਸੀ ਕਿ ਉਸਦੀ ਲਪਟਾਂ ਦੂਰ ਤੱਕ ਦਿਖਾਈ ਦੇ ਰਹੀਆਂ ਸੀ। ਅੱਗ ਲੱਗਣ ਕਾਰਨ ਕਲੋਨੀ ਵਿੱਚ ਭਾਜੜਾਂ ਪੈ ਗਈਆਂ। ਅੱਗ ਨਾਲ 20 ਦੇ ਕਰੀਬ ਮੀਟਰ ਸੜ ਗਏ ਅਤੇ ਸੰਬਧਿਤ ਘਰਾਂ ਵਿੱਚ ਬਿਜਲੀ ਸਪਲਾਈ ਗੁਲ ਹੋ ਗਈ। ਖ਼ਬਰ ਲਿਖੇ ਜਾਣ ਤੱਕ ਬਿਜਲੀ ਸਪਲਾਈ ਬਹਾਲ ਨਹੀਂ ਹੋਈ ਸੀ ਅਤੇ ਅੱਤ ਦੀ ਗਰਮੀ ਵਿੱਚ ਲੋਕ ਬਿਨਾਂ ਬਿਜਲੀ ਤੋਂ ਇਸਦੇ ਬਹਾਲ ਹੋਣ ਦੀ ਉਡੀਕ ਕਰ ਰਹੇ ਸੀ।

ਨਸਾ ਤਸਕਰਾਂ ਦੀਆਂ ਜਾਇਦਾਦਾਂ ਪੁਲਿਸ ਵੱਲੋਂ ਕੀਤੀਆਂ ਜਾ ਰਹੀਆਂ ਹਨ ਸੀਲ, ਡੀ ਆਈ ਜੀ ਹਰਚਰਨ ਭੁੱਲਰ

ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰੈਲੀ ਨੂੰ ਰਵਾਨਾ ਕਰਦੇ ਹੋਏ ਨਾਲ ਪਰਮਿੰਦਰ ਕੌਰ ਮਨਚੰਦਾ,ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ ਅਤੇ ਹੋਰ।

ਪਟਿਆਲਾ, 14 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰੈਂਡ ਕਰਾਸ ਨਸਾ ਮੁਕਤੀ ਕੇਂਦਰ ਅਤੇ ਪੁਨਰਵਾਸ ਸਾਕੇਤ ਹਸਪਤਾਲ ਪਟ

ਗਿਆਨ ਭਗਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

ਅਰਜਨ ਸੁਨਤਿ ਸੁ ਦਾਸਨ ਕੋ ਦਾਨ ਦੇਤਿ,
ਮੋਹ ਕੋ ਬਿਦਾਰਬੇ ਕੋ ਬਾਕ ਸਾਰ ਅਰਜਨ।
ਅਰਜਨ ਨਾ ਜਾਨਸੋ ਜਾਇ, ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਇ ਰਾਜੈ ਗੁਰੂ ਅਰਜਨ।

ਇਤਿਹਾਸ ਗਵਾਹ ਹੈ ਜਦੋਂ ਵੀ ਧਰਮ ਤੇ ਸੰਕਟ/ ਅਤਿਆਚਾਰ ਹੁੰਦਾ ਰਿਹਾ ਉਦੋਂ ਅਵਤਾਰਾਂ , ਗੁਰੂਆਂ / ਸੰਤਾਂ ਧਰਮ ਦੀ ਰੱਖਿਆ ਲਈ ਸੰਤਪਤ ਮਾਨਵ ਜਾਤੀ ਨੂੰ ਉਬਾਰਿਆ ਅਤੇ ਜ਼ੁਲਮ ਜ਼ਾਬਰ ਦਾ ਸਾਹਮਣਾ ਕਰਦੇ ਹੋਏ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ । ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਬਲਿਦਾਨ ਭਾਰਤ ਦੇ ਇਤਿਹਾਸ ਵਿਚ ਅਜੋਕੀ ਮਿਸਾਲ ਹੈ। ਇਸੇ ਤਰ੍ਹਾਂ ਨੌਵੇਂ ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਵੀ ਧਰਮ ਦੀ ਰੱਖਿਆ ਲਈ ਆਪਣਾ ਬਲਿਦਾਨ ਦਿੱਤਾ।

ਮੁੱਢਲਾ ਜੀਵਨ:- ਸਾਹਿਬ ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਸਪੁੱਤਰੀ ਸ੍ਰੀ ਅਮਰਦਾਸ ਜੀ ਦੀ ਕੁੱਖੋਂ ਗੁਰੂ ਰਾਮ ਦਾਸ ਜੀ ਦੇ ਘਰ 15 ਅਪ੍ਰੈਲ 1563 ਈਸਵੀਂ ਵਿਚ ਹੋਇਆ । ਗੋਇੰਦਵਾਲ ਵਿਖੇ ਆਪ 11 ਸਾਲ ਰਹੇ ਜਿਸ ਮਗਰੋਂ ਆਪ ਚੱਕ ਗੁਰੂ (ਅੰਮ੍ਰਿਤਸਰ) ਆਪਣੇ ਪਿਤਾ ਗੁਰੂ ਰਾਮ ਦਾਸ ਜੀ ਨਾਲ ਆ ਗਏ। ਗੁਰੂ ਅਮਰਦਾਸ ਜੀ ਇਨ੍ਹਾਂ ਦੇ ਨਾਨਾ ਜੀ ਲੱਗਦੇ ਸਨ ਅਤੇ ਉਹਨਾਂ ਨੇ ਇਨ੍ਹਾਂ ਦੇ ਜਨਮ ਸਮੇਂ ਭਵਿੱਖਵਾਣੀ ਕੀਤੀ ਸੀ, "ਦੋਹਤਾ ਬਾਣੀ ਦਾ ਬੋਹਥਾ" ਬਾਬਾ ਮੋਹਨ ਜੀ ਇਨ੍ਹਾਂ ਨੇ ਮਾਮਾ ਜੀ ਲਗਦੇ ਹਨ, ਜਿਨ੍ਹਾਂ ਨਾਲ ਇਨ੍ਹਾਂ ਦਾ ਡੂੰਘਾ ਪ੍ਰੇਮ ਸੀ ਗੁਰੂ ਜੀ ਦੇ ਦੋ ਵੱਡੇ ਭਰਾ ਪ੍ਰਿਥਵੀ ਚੰਦ ਅਤੇ ਮਹਾਂਦੇਵ ਹਮੇਸ਼ਾ ਸ੍ਰੀ ਅਰਜਨ ਦੇਵ ਜੀ ਦੇ ਨਾਲ ਈਰਖਾ ਕਰਦੇ ਰਹੇ। 18 ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਗੁਰ ਗੱਦੀ ਮਿਲੀ। ਮਹਾਂਦੇਵ ਜੀ ਦੀ ਪਤਨੀ ਕਰਮੋਂ ਨੇ ਇਨ੍ਹਾਂ ਦੇ ਸਪੁੱਤਰ ਬਾਲ ਹਰਗੋਬਿੰਦ ਰਾਏ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਵਿਅਰਥ। ਪ੍ਰਿਥੀ ਚੰਦ ਨੇ ਤਾਂ ਇਥੋਂ ਤੱਕ ਇੱਕ ਸਪੋਲਾ ਇਨ੍ਹਾਂ ਨੂੰ ਮਾਰਨ ਲਈ ਹੱਥ ਵਿਚ ਫੜ੍ਹਾਇਆ ਗਿਆ ਪਰ ਗੁਰੂ ਪ੍ਰਮੇਸ਼ਵਰ ਨੂੰ ਕੌਣ ਮਾਰ ਸਕਦਾ ਹੈ। ਇਨ੍ਹਾਂ ਨੇ ਸਪੋਲਾ ਹੱਥ ਨਾਲ ਫੜ ਜ਼ਮੀਨ 'ਤੇ ਰਗੜ ਕੇ ਮਾਰ ਦਿੱਤਾ। ਪ੍ਰਿਥੀ ਚੰਦ ਹਮੇਸ਼ਾ ਦਿੱਲੀ ਦਰਬਾਰ ਵਿਚ ਇਨ੍ਹਾਂ ਖਿਲਾਫ ਝੂਠੀ ਸ਼ਿਕਾਇਤਾਂ ਕਰਦਾ ਰਿਹਾ ਅਤੇ ਪਿਤਾ ਗੁਰੂ ਰਾਮਦਾਸ ਵੱਲੋਂ ਲਿਖੀਆਂ ਚਿੱਠੀਆਂ ਵੀ ਲੁਕਾਉਂਦਾ ਰਿਹਾ।

ਜਦੋਂ ਬਾਲ ਹਰਗੋਬਿੰਦ ਜੀ ਨੂੰ ਸ਼ੀਤਲਾ ਦਾ ਪਰਕੋਪ ਹੋਇਆ ਤਾਂ ਆਪ ਨੇ ਬਚਨ ਫੁਰਮਾਏ;

ਡਰੋ ਨਾ ਉਹ ਬਾਲਕ ਕੇ ਰਖਵਾਰ ਰਮਾਪਤਿ
ਆਸ ਕਰੋ ਪਰਮੇਸਰ ਕੀ ਜਿਸ ਤੇ ਨਹਿ ਔਰ
ਬੜੇ ਦੁਖ ਦਾਹਿਤ ॥
ਸੁਨ ਦੇਤਿ ਧੀਰ ਨਹੀਂ ਕਰਹੁ ਤ੍ਰਾਸ
ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰੂ ਨਾਨਕ ਇਨਕੇ ਨਿਤ ਸਹਾਏ
ਜਿਨ ਨਾਮ ਜਪੇ ਸਭ ਕਸ਼ਟ ਜਾਏ।

ਜਦੋਂ ਇਨ੍ਹਾਂ ਦੇ ਵੱਡੇ ਭਰਾ ਮਹਾਂਦੇਵ ਜੀ ਹਾਲ ਪੁੱਛਣ ਆਏ ਤਾਂ ਗੁਰੂ ਜੀ ਨੇ ਕਿਹਾ,

ਦੀਨਨ ਸਾਥ ਹੋਇ ਸਹਾਇ।
ਦ੍ਰਿਗ ਲਏ ਆਪ ਕਰ ਦੈ ਬਚਾਇ।
ਪ੍ਰਭ ਹੋਵਹਿ ਸਹਾਇ ਤੁਮਰੀ ਕ੍ਰਿਪਾ ਸੁ ਦੇ ਹੈ ਬਚਾਇ।

ਜਦ ਹਰਗੋਬਿੰਦ ਜੀ ਨਿਰੋਏ ਹੋਏ ਤਾਂ ਆਪ ਨੇ ਉਚਰਿਆ

ਸ੍ਰੀ ਨਾਨਕ ਗੁਰੂ ਦੇਵ ਨੇ ਕਰ ਸੁ ਨੈਨ ਪ੍ਰਕਾਸ਼
ਰਛਾ ਕੀਨਿਸ ਹਾਥਿ ਦੇ ਲਖਿ ਪੂਰੀ ਮਮਆਸ।

ਸਿੱਖੀ ਦਾ ਵਿਕਾਸ : ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਖੂਬ ਹੋਇਆ ਜੋ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਉਹਨਾਂ ਵਲੋਂ ਹੇਠ ਲਿਖੇ ਮਹਾਨ ਕਾਰਜ ਕੀਤੇ ਗਏ;

ਸ੍ਰੀ ਆਦਿ ਗ੍ਰੰਥ ਦਾ ਸੰਕਲਨ:- ਗੁਰੂ ਜੀ ਵੇਲੇ ਕੁਝ ਸੰਤਾਂ ਨੇ ਆਪਣੀ ਹੀ ਗੁਰਬਾਣੀ ਦੀ ਰਚਨਾ ਕਰ ਦਿੱਤੀ ਜਿਸ ਨਾਲ ਸਿੱਖ ਜਗਤ ਅਸਮੰਜਸ ਵਿਚ ਪੈ ਗਿਆ। ਇਸ ਲਈ ਗੁਰੂ ਜੀ ਨੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਅਤੇ ਆਪਣੇ ਲਿਖੇ ਸਲੋਕ ਵੀ ਇੱਕਤਰ ਕਰਕੇ ਸੰਕਲਨ ਦਾ ਕੰਮ, ਭਾਈ ਗੁਰਦਾਸ ਜੀ ਤੋਂ ਕਰਵਾਇਆ ਜੋ ਇਹਨਾਂ ਦੇ ਮਾਮਾ ਜੀ ਲਗਦੇ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 976, ਸ੍ਰੀ ਗੁਰੂ ਅੰਗਦ ਦੇਵ ਜੀ ਦੇ 62 ਸ੍ਰੀ ਗੁਰੂ ਅਮਰ ਦਾਸ ਜੀ ਦੇ 907 ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 679 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 2216 ਸਲੋਕ ਜੋੜ ਕੇ 16 ਹੋਰ ਸੰਤਾਂ ਦੀ ਬਾਣੀ ਵੀ ਦਰਜ ਕੀਤੀ। ਇਹਨਾਂ ਸੰਤਾਂ ਵਿਚੋਂ ਕਬੀਰ , ਰਵਿਦਾਸ , ਭਗਤ ਨਾਮ ਦੇਵ , ਫਰੀਦ, ਜੈਦੇਵ, ਸੂਰਦਾਸ ਅਤੇ ਭਗਤ ਤ੍ਰਿਲੋਚਨ ਦੀ ਬਾਣੀਆਂ ਸ਼ਾਮਲ ਕੀਤੀਆਂ।

(2) ਤਰਨ ਤਾਰਨ ਅਤੇ ਕਰਤਾਰਪੁਰ ਦੀ ਨੀਂਹ:- ਗੁਰੂ ਜੀ ਨੇ ਅੰਮ੍ਰਿਤਸਰ ਤੋਂ 22 ਕਿ. ਮੀਟਰ ਦੂਰ ਇਕ ਤਲਾਬ ਦੀ ਖੁਦਾਈ ਕਰਵਾਈ ਜਿਸਦਾ ਨਾਂ ਤਰਨ ਤਾਰਨ ਰੱਖਿਆ। 1539 ਈ. ਨੂੰ ਜਲੰਧਰ ਦੇ ਨੇੜੇ ਕਰਤਾਰਪੁਰ ਦੀ ਨੀਂਹ ਰੱਖੀ, ਇਥੇ ਹੀ ਗੰਗਸਰ ਨਾਂ ਦੇ ਕੂੰਏਂ ਦੀ ਖੁਦਾਈ ਕਰਵਾਈ ਅਤੇ ਬਚਨ ਫੁਰਮਾਏ ਕਿ

ਇਸਦਾ ਪਾਣੀ ਗੰਗਾ ਦੇ ਸਮਾਨ ਪਵਿੱਤਰ ਹੋਵੇਗਾ। ਅੰਮ੍ਰਿਤਸਰ ਦੇ ਨੇੜੇ ਹੀ ਛੇਹਰਟਾ ਦੀ ਨੀਂਹ ਰੱਖੀ ਅਤੇ ਆਪਣੇ ਬੇਟੇ ਸ੍ਰੀ ਹਰਗੋਬਿੰਦ ਰਾਏ ਜੀ ਦੇ ਨਾਂ 'ਤੇ ਬਿਆਸ

ਮਨੋਹਰ ਲਾਲ ਪਵਾਰ

ਦੇ ਕਿਨਾਰੇ ਹਰਗੋਬਿੰਦਪੁਰ ਦੀ ਸਥਾਪਨਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ:- ਗੁਰੂ ਸਾਹਿਬ ਜੀ ਨੇ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ ਜੋ ਸਿੱਖ ਇਤਿਹਾਸ ਵਿਚ ਬਹੁਤ ਵੱਡੀ ਘਟਨਾ ਸੀ ਜਿਸ ਦਾ ਨੀਂਹ ਪੱਥਰ ਉਸ ਸਮੇਂ ਪ੍ਰਸਿੱਧ ਮੁਸਲਮਾਨ ਫ਼ਕੀਰ , ਮੀਆਂ ਮੀਰ ਨੇ 1588 ਈ. ਨੂੰ ਰੱਖੀ । ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰਨ ਦੀ ਸੇਵਾ - ਭਾਈ ਗੁਰਦਾਸ ਜੀ, ਬੁੱਲਾ, ਭਾਨਾ ਅਤੇ ਕਲਿਆਣਾ ਆਦਿ ਸਿੱਖਾਂ ਨੂੰ ਸੌਂਪੀ । ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਮਹਿਮਾ ਬਾਰੇ ਉਚਰਿਆ:-

ਰਾਮਦਾਸ ਸਰੋਵਰ ਨਾਤੇ, ਸਭਿ ਉਤਰੇ ਪਾਪ ਕਮਾਤੇ ।
ਨਿਰਮਲ ਹੋਏ ਕਰਿ ਇਸ਼ਨਾਨਾ। ਗੁਰ ਪੂਰੈ ਕੀਨੇ ਦਾਨਾ ॥

ਹਰਿਮੰਦਰ ਸਾਹਿਬ ਦਾ ਨਿਰਮਾਣ 1601 ਨੂੰ ਪੂਰਾ ਹੋਇਆ । ਸੰਨ 1604 ਈ. ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਰਾਜਮਾਨ ਹੋਏ, ਜਿਸਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਨਿਯੁਕਤ ਕੀਤਾ ਗਿਆ। ਹਰਿਮੰਦਰ ਸਾਹਿਬ ਬੀੜ ਨੂੰ ਸਜੇ ਹੋਏ ਤਖਤ 'ਤੇ ਟਿਕਾਇਆ ਗਿਆ ਤੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਵਾਕ ਲੈਣ ਲਈ ਕਿਹਾ, ਵਾਕ ਸੀ;

ਵਿਚਿ ਕਰਤਾ ਖਲੋਆ, ਵਾਲ ਨਾ ਵਿੰਗਾ ਹੋਆ।

ਗੁਰੂ ਜੀ ਦਾ ਬਲਿਦਾਨ :- ਸਿੱਖਾਂ ਦੇ ਇਮਤਿਹਾਨ ਦੀ ਕਠਿਨ ਪ੍ਰੀਖਿਆ ਦਾ ਸਮਾਂ ਆ ਪੁਜਾ। ਸ੍ਰੀ ਗੁਰੂ ਮਹਾਰਾਜ ਦਾ ਬਲਿਦਾਨ ਭਾਰਤ ਦੇ ਇਤਿਹਾਸ ਦੀ ਬਹੁਤ ਵੱਡੀ ਘਟਨਾ ਸੀ ਜਿਸਨੇ ਸਾਰੀ ਮਾਨਵਜਾਤੀ ਨੂੰ ਹਿਲਾ ਦਿੱਤਾ। ਜਿਸ ਮਗਰੋਂ ਸਿੱਖੀ ਦਾ ਸਰੂਪ ਹੀ ਬਦਲ ਗਿਆ ਅਤੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਰਾਏ ਜੀ ਨੇ ਦੋ ਤਲਵਾਰਾਂ ਧਾਰਨ ਕਰਕੇ ਸਿੱਖਾਂ ਨੂੰ ਸਸ਼ਤਰਧਾਰੀ ਬਣਾਇਆ। ਮੁਗਲ ਪਾਤਸ਼ਾਹ ਅਕਬਰ ਦੀ ਮੌਤ 17 ਅਕਤੂਬਰ 1605 ਈ: ਨੂੰ ਹੋਈ ਅਤੇ 7 ਦਿਨਾਂ ਦੇ ਸੋਗ ਮਗਰੋਂ ਉਸਦਾ ਪੁੱਤਰ ਜਹਾਂਗੀਰ (ਸਲੀਮ) 24.10.1605 ਨੂੰ ਗੱਦੀ 'ਤੇ ਬੈਠਾ ਉਹ ਅਕਬਰ ਦੀ ਤਰ੍ਹਾਂ ਉਦਾਰ ਹਿਰਦੈ ਨਹੀਂ ਸੀ ਸਗੋਂ ਸ਼ੁਰੂ ਤੋਂ ਹੀ ਸਿੱਖਾਂ ਅਤੇ ਹਿੰਦੂਆਂ ਦੇ ਖਿਲਾਫ ਸੀ ਅਤੇ ਗੁਰੂਆਂ ਦੀ ਪ੍ਰਸਿੱਧੀ ਤੋਂ ਬੇਚੈਨ ਸੀ ।ਜਿਸ ਕਾਰਨ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਫਰਮਾਨ ਜਾਰੀ ਕੀਤਾ ਉਹਨਾਂ ਦੇ ਬਲੀਦਾਨ ਦੇ ਪ੍ਰਮੁੱਖ ਕਾਰਨਾਂ ਦੇ ਬਾਰੇ ਰੋਸ਼ਨੀ ਪਾਉਣੀ ਬਹੁਤ ਜ਼ਰੂਰੀ ਹੈ, ਜੋ ਨਿਮਨ ਲਿਖਤ ਹਨ:-

ੳ. ਜਹਾਂਗੀਰ ਦੀ ਅਸਹਿਨਸ਼ੀਲਤਾ ਅਤੇ ਕੱਟੜਪੁਣਾ:- "ਤੁਜਕੇ ਜਹਾਂਗੀਰੀ" ਵਿਚ ਜਹਾਂਗੀਰ ਲਿਖਦਾ ਹੈ ਕਿ ਇਸ ਧਰਮ ਦੇ ਠੇਕੇਦਾਰ (ਗੁਰੂ ਅਰਜਨ ਦੇਵ ਜੀ) ਦੀ ਦੁਕਾਨ ਬੰਦ ਕਰਕੇ ਉਸਨੂੰ ਮੁਸਲਮਾਨ ਬਣਾ ਦਿੱਤਾ ਜਾਵੇ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਗੁਰੂ ਜੀ ਨੇ ਰਾਜਕੁਮਾਰ ਖੁਸਰੋ ਨੂੰ ਅਸੀਸ ਦਿੱਤੀ ਹੈ ਤਾਂ ਉਹ ਭੜਕ ਗਿਆ ਅਤੇ ਗੁਰੂ ਜੀ 'ਤੇ ਦੋ ਲੱਖ ਰੁਪਏ ਜੁਰਮਾਨਾ ਲੱਗਾ ਦਿੱਤਾ ਜੋ ਗੁਰੂ ਜੀ ਨੇ ਦੇਣ ਤੋਂ ਇੰਨਕਾਰ ਕਰ ਦਿੱਤਾ।

ਅ. ਗੁਰੂ ਜੀ ਖਿਲਾਫ ਰਚੀ ਸਾਜਿਸ਼:- ਚੰਦੂ ਸ਼ਾਹ ਅਤੇ ਗੁਰੂ ਜੀ ਦੇ ਸਕੇ ਭਰਾ ਪ੍ਰਿਥੀ ਚੰਦ ਵੀ ਗੁਰੂ ਜੀ ਦੇ ਵਿਰੋਧੀ ਸਨ ਜੋ ਰਾਤ ਦਿਨ ਗੁਰੂ ਜੀ ਦੇ ਖਿਲਾਫ ਬਾਦਸ਼ਾਹ ਅਕਬਰ ਨੂੰ ਭੜਕਾ ਰਹੇ ਸਨ ਅਤੇ ਅਕਬਰ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਪੜ੍ਹਕੇ ਸੁਨਾਉਣ ਲਈ ਕਿਹਾ ਤਾਂ ਸ਼ਬਦ ਆਇਆ:-

" ਖਾਕ ਨੂੰਹ ਕਰਦੇ ਆਲਮ ਦੁਨੀਆਇ,
ਅਸਮਾਨ ਜਿੰਮੀ ਦਰੱਖਤ ਆਬ ਪੈਦਾਇਸ਼,
ਫਨਾਇ ਬੰਦੇ ਚਮਨ ਦੀਦਾਰੇ ਫਨਾਇ,

ਦੁਨੀਆ ਮੁਰਦਾਰ ਖੁਰਦਨੀ ਗਾਫ਼ਲ ਗਵਾਇ।"

ਅਕਬਰ ਸ਼ਬਦ ਸੁਣ ਕੇ ਬਹੁਤ ਪ੍ਰਭਾਵਤ ਅਤੇ ਪ੍ਰਸੰਨ ਹੋਇਆ ਅਤੇ ਅਕਬਰ ਨੇ ਬੜੇ ਅਦਬ ਨਾਲ ਗੁਰੂ ਜੀ ਨੂੰ ਪੰਜ ਸੌ ਅਸ਼ਰਫੀਆਂ ਭੇਟ ਕੀਤੀਆਂ ਅਤੇ ਸਜ਼ਦਾ ਕੀਤੀ।

ਚੰਦੂ ਦੀ ਈਰਖਾ:- ਪ੍ਰਿਥੀ ਚੰਦ ਅਤੇ ਚੰਦੂ ਸ਼ਾਹ ਦਿੱਲੀ ਸਲਤਨਤ ਕੋਲ ਗੁਰੂ ਜੀ ਖਿਲਾਫ਼ ਸ਼ਿਕਾਇਤਾਂ ਕਰਦੇ ਆ ਰਹੇ ਸਨ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਗੁਰੂ ਜੀ ਕੋਲ ਪਰੋਹਤ ਨੂੰ ਭੇਜਿਆ ਅਤੇ ਹਰਗੋਬਿੰਦ ਰਾਏ ਜੀ ਨਾਲ ਰਿਸ਼ਤਾ ਪੱਕਾ ਹੋ ਗਿਆ ਤਾਂ ਚੰਦੂ ਹੰਕਾਰ ਭਰੇ ਸ਼ਬਦਾਂ ਵਿਚ ਬੋਲਿਆ, "ਪਰਹੋਤ ਜੀ ਚੰਗਾ ਨਹੀਂ ਕੀਤਾ। ਚੁਬਾਰੇ ਦੀ ਇੱਟ ਮੋਰੀ ਨੂੰ ਲਗਾ ਆਏ ਹੋ।" ਭਾਵੇਂ ਗੁਰੂ ਅਰਜਨ ਇਕ ਮਾਲਦਾਰ ਸਾਮੀ ਹੈ, ਪਰ ਭਿਖਾਰੀਆਂ ਦੇ ਟੱਬਰ ਵਿਚੋਂ ਹੈ। ਚੰਦੂ ਦੇ ਹੰਕਾਰ ਭਰੇ ਸ਼ਬਦਾਂ ਨਾਲ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਅਤੇ ਸੰਗਤਾਂ ਦੀ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ। ਚੰਦੂ ਨੇ ਲੱਖ ਮਿੰਨਤਾਂ ਕਰਨ ਦੇ ਬਾਵਜੂਦ ਵੀ ਗੁਰੂ ਜੀ ਨੇ ਰਿਸ਼ਤਾ ਵਾਪਸ ਕਰ ਦਿੱਤਾ। ਇਸ ਲਈ ਚੰਦੂ ਰਿਸ਼ਤਾ ਟੁੱਟਣ ਕਾਰਨ ਜਲ-ਭੁਜ ਗਿਆ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਿਥਵੀ ਚੰਦ ਨੂੰ ਸਮਝਾਉਣ ਲਈ ਭੇਜਿਆ ਪਰ ਉਸ ਨੇ ਨਾ ਕਰ ਦਿੱਤੀ ਅਤੇ ਜਹਾਂਗੀਰ ਕੋਲ ਝੂਠੀਆਂ ਸ਼ਿਕਾਇਤਾਂ ਕਰਦਾ ਰਿਹਾ ।ਸੁਹਲੀ ਖਾਨ ਵੱਲੋਂ ਗੁਰੂ ਜੀ ਦਾ ਵਿਰੋਧ :- ਸੁਲਹੀ ਖਾਨ ਬਟਾਲੇ ਦਾ ਇੱਕ ਪਠਾਣ ਜੋ ਜਹਾਂਗੀਰ ਦਾ ਅਹਿਲਕਾਰ ਅਤੇ ਲਾਹੌਰ ਦਾ ਸੂਬੇਦਾਰ ਅਤੇ ਮਾਮਲਾ ਅਫਸਰ ਵੀ ਸੀ। ਪ੍ਰਿਥਵੀ ਚੰਦ ਨੇ ਉਸ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਵਿਉਂਤਾਂ ਰਚਾਉਣੀਆਂ ਸ਼ੁਰੂ ਕੀਤੀਆਂ। ਪ੍ਰੰਤੂ ਦੂਜੇ ਪਾਸੇ ਵਜ਼ੀਰ ਖਾਂ ਗੁਰੂ ਜੀ ਦਾ ਸ਼ਰਧਾਵਾਨ ਸੀ ਜਿਸਦਾ ਸੁੱਖਮਨੀ ਸਾਹਿਬ ਦਾ ਪਾਠ ਸੁਣਨ ਨਾਲ ਜਲੋਦਰ ਰੋਗ ਦੂਰ ਹੋ ਗਿਆ ਸੀ ਉਸ ਨੇ ਵੀ ਦੋਵਾਂ ਭਰਾਵਾਂ ਵਿਚ ਸਮਝੌਤਾ ਕਰਾਉਣਾ ਚਾਹਿਆ ਗੁਰੂ ਜੀ ਨੇ ਸੁਲਹੀ ਖਾਨ ਦੀ ਖੋਟੀ ਮਨਸਾ ਜਾਣਦੇ ਸਨ ਅਤੇ ਸ਼ਬਦ ਉਚਾਰਿਆ:

ਮਿਰਤੁ ਹਸੈ ਸਿਰ ਉਪਰੇ ਪਸੂਆ ਨਹੀਂ ਬੁਝੇ। ਬਾਦਸ਼ਾਹ ਅਹੰਕਾਰ ਮਹਿ ਮਰਨਾ ਨਹੀਂ ਸੂਝੇ॥

ਸਤਿਗੁਰੂ ਸੇਵਹੁ ਅਪਨਾ ਕਾਹੇ ਫਿਰਹੁ ਅਭਾਗੇ। ਦੇਖਿ ਕਸੁੰਭਾ ਰੰਗੁਲਾ ਕਾਹੇ ਭੁਲਿ ਲਾਗੇ॥ (ਬਿਲਾਵਲੁ ਮਹਲਾ 5)

ਖੁਸਰੋ ਦੀ ਸਹਾਇਤਾ ਅਤੇ ਆਸ਼ੀਰਵਾਦ :- ਖੁਸਰੋ ਜੋ ਕਿ ਜਹਾਂਗੀਰ ਦਾ ਪੁੱਤਰ ਸੀ, ਨੇ ਅਪ੍ਰੈਲ 1605 ਈ. ਨੂੰ ਬਗਾਵਤ ਕਰ ਦਿੱਤੀ ਅਤੇ ਉਸਨੇ ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਉਹ ਗੁਰੂ ਜੀ ਨੂੰ ਤਰਨਤਾਰਨ ਮਿਲਿਆ ਅਤੇ ਗੁਰੂ ਜੀ ਕੋਲੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ ।ਗੁਰੂ ਜੀ ਨੇ ਕਿਹਾ, "ਸਾਡੇ ਫਕੀਰਾਂ ਕੋਲ ਰੁਪਏ ਕਿੱਥੇ ?" ਖੁਸਰੋ ਨੇ ਬਹੁਤ ਤਰਲੇ ਮਿੰਨਤਾਂ ਕੀਤੀਆਂ । ਗੁਰੂ ਜੀ ਨੇ ਮੁਹਤਾਜ ਜਾਣ ਕੇ ਪੰਜ ਹਜਾਰ ਰੁਪਏ ਦੇ ਕੇ ਆਪਣੇ ਮਗਰੋਂ ਲਾਹਿਆ ਅਤੇ ਕਿਹਾ ਕਿ ਆਪਣੇ ਪਿਤਾ ਕੋਲੋਂ ਮਾਫੀ ਮੰਗੋ ਪਰ ਉਹ ਨਹੀਂ ਮੰਨਿਆਂ । ਇਸ ਕਾਰਨ ਵੀ ਜਹਾਂਗੀਰ ਬਹੁਤ ਖਫ਼ਾ ਸੀ। ਸੁਲਹੀ ਖਾਂ ਦੀ ਮੌਤ ਤਰੇਹੀ ਤੋਂ ਸੁਲਹੀ ਖਾਂ ਅਮ੍ਰਿਤਸਰ ਵੱਲ ਫੌਜਾਂ ਲੈਕੇ ਤੁਰਨ ਲਗਾ ਤਾਂ ਪ੍ਰਿਥੀ ਚੰਦ ਨੇ ਆਪਣੇ ਨਵੇਂ ਲਗਾਏ ਆਵੇ ਨੂੰ ਵੇਖਣ ਲਈ ਕਿਹਾ। ਉਸ ਨੇ ਹੰਕਾਰ ਵਿਚ ਘੋੜੇ ਨੂੰ ਅੱਡੀ ਲਗਾਈ, ਘੋੜਾ ਦੌੜ ਕੇ ਆਵੇ ਵਿਚ ਡਿੱਗ ਪਿਆ ਅਤੇ ਸੁਲਹੀ ਖਾਂ ਜੋ ਗੁਰੂ ਜੀ ਦਾ ਮਾੜਾ ਕਰਨ ਆਇਆ ਸੀ ਖੁਦ ਹੀ ਆਵੇ ਵਿਚ ਡਿੱਗ ਕੇ ਸੜ ਮਰਿਆ ਗੁਰੂ ਜੀ ਨੇ ਉਸ ਵੇਲੇ ਵਚਨ ਫਰਮਾਏ:

ਪਾਰਬ੍ਰਹਮ ਪ੍ਰਭ ਭਏ ਦਇਆਲਾ ਸ਼ਿਵ ਕੈ ਬਾਣਿ ਸਿਰ ਕਾਟਿਓ।
ਭਸਮ ਭੂਤ ਹੋਇਆ ਖਿਨ ਭੀਤਰਿ ਆਪਣਾ ਕੀਆ ਪਾਇਆ॥

ਗੁਰੂ ਜੀ ਖਿਲਾਫ਼ ਚੰਦੂ ਸ਼ਾਹ ਦੀ ਸ਼ਿਕਾਇਤਾਂ ਅਤੇ ਖੁਸਰੋ ਨੂੰ ਆਸ਼ੀਰਵਾਦ ਦੇਣਾ ਆਦਿ ਕਾਰਨ ਤਾਂ ਇਕ ਸਬਬ ਸੀ, ਪ੍ਰੰਤੂ ਭਾਣਾ ਅਕਾਲ ਪੁਰਖ ਦਾ ਅਤੇ ਧਰਮ ਦੀ ਰੱਖਿਆ, ਸੰਤਾਂ /ਭਗਤਾਂ ਨੂੰ ਉਬਾਰਨ ਵੱਜੋਂ ਆਪਣਾ ਬਲੀਦਾਨ ਦੇਣਾ ਪਿਆ। ਗੁਰੂ ਅਰਜਨ ਦੇਵ ਜੀ ਨੂੰ 22 ਮਈ 1606 ਈ. ਨੂੰ ਅਮ੍ਰਿਤਸਰ ਤੋਂ ਮੁਰਤਜਾਖਾਨ ਨੇ ਗ੍ਰਿਫਤਾਰ ਕੀਤਾ ਗੁਰੂ ਹੁਕਮ ਅਨੁਸਾਰ ਗੁਰੂ ਹਰਗੋਬਿੰਦ ਜੀ ਦੁਆਬਾ

ਹਾਰਟ ਅਟੈਕ ਦਾ ਕਹਿਰ

ਹਾਰਟ ਅਟੈਕ ਲਈ ਅੱਜ ਦੀ ਜੀਵਨ ਸ਼ੈਲੀ 'ਚ ਉਮਰ ਦੀ ਕੋਈ ਰੁਕਾਵਟ ਨਹੀਂ ਹੈ ਇਹ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦਾ ਹੈ। ਜੇ ਤੁਸੀਂ ਕਸਰਤ ਨਹੀਂ ਕਰਦੇ ਜਾਂ ਥੱਕਿਆ-ਥੱਕਿਆ ਮਹਿਸੂਸ ਕਰਦੇ ਹੋ, ਸਰੀਰਿਕ ਜਾਂ ਭਾਵਨਾਤਮਕ ਤੌਰ 'ਤੇ ਮੁਸ਼ਕਿਲ 'ਚ ਫਸਣ 'ਤੇ ਛਾਤੀ 'ਚ ਦਰਦ ਮਹਿਸੂਸ ਕਰਦੇ ਹੋ ਜਾਂ ਪੈਦਲ ਚੱਲਦੇ ਸਮੇਂ ਸਾਹ ਫੁੱਲਣ ਲੱਗ ਪੈਂਦਾ ਹੈ ਤਾਂ ਤੁਹਾਨੂੰ ਹਾਰਟ ਅਟੈਕ ਦਾ ਖ਼ਤਰਾ ਹੋ ਸਕਦਾ ਹੈ। ਇਕ ਨਾਰਮਲ ਈਸੀਜੀ ਦਾ ਮਤਲਬ ਬਿਲਕੁਲ ਇਹ ਨਹੀਂ ਕਿ ਸਭ ਕੁੱਝ ਠੀਕ ਚੱਲ ਰਿਹਾ ਹੈ ਕਿਉਂਕਿ ਇਹ ਉਦੋਂ ਕੀਤੀ ਜਾਂਦੀ ਹੈ ਜਦੋਂ ਤੁਸੀਂ ਆਰਾਮ ਨਾਲ ਬੈਠੇ ਹੁੰਦੇ ਹੋ। ਇਹ ਵੀ ਹੋ ਸਕਦਾ ਹੈ ਕਿ ਤੁਸੀਂ ਹਾਰਟ ਅਟੈਕ ਦੇ ਮੂੰਹ 'ਤੇ ਬੈਠੇ ਹੋਵੋ। ਟ੍ਰੇਡਮਿਲ ਟੈਸਟ ਦੇ ਨਾਲ-ਨਾਲ ਲਿਪਿਡ ਪ੍ਰੋਫਾਈਲ ਅਤੇ ਬਲੱਡ ਸ਼ੂਗਰ ਦੀ ਜਾਂਚ ਕਰਵਾਉ। ਕਈ ਵਾਰ ਪੇਟ 'ਚ ਗੜਬੜੀ ਵੀ ਹਾਰਟ ਅਟੈਕ ਦਾ ਸੰਕੇਤ ਦਿੰਦੀ ਹੈ। ਇਸ ਲਈ ਜੇ ਤੁਹਾਡੇ ਪੇਟ ਦੇ ਉੱਪਰਲੇ ਹਿੱਸੇ 'ਚ ਤਕਲੀਫ਼ ਰਹਿੰਦੀ ਹੈ ਅਤੇ ਇਹ ਐਂਟਾਐਸਿਡ ਅਤੇ ਦਵਾਈਆਂ ਨਾਲ ਵੀ ਠੀਕ ਨਹੀਂ ਹੋ ਰਹੀ ਤਾਂ ਈਸੀਜੀ ਕਰਵਾਉਣ 'ਚ ਦੇਰ ਨਾ ਕਰੋ। ਸਰਦੀਆਂ ਦਾ ਮੌਸਮ ਦਿਲ ਦੇ ਮਰੀਜ਼ਾਂ ਲਈ ਜਾਨਲੇਵਾ ਸਾਬਤ ਹੋ ਸਕਦਾ ਹੈ ਕਿਉਂਕਿ ਖ਼ੂਨ ਦੀਆਂ ਨਾੜਾਂ ਸੁੰਗੜ ਜਾਂਦੀਆਂ ਹਨ ਤੇ ਇਸ ਲਈ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ।

ਬਚਾਅ

- ਜੋ ਲੋਕ ਸਿਗਰਟ ਬੀੜੀ ਜਾਂ ਤੰਬਾਕੂ ਦਾ ਇਸਤੇਮਾਲ ਕਰਦੇ ਹਨ ਤੁਰੰਤ ਇਸਨੂੰ ਬੰਦ ਕਰ ਦਿਓ।
- ਜੋ ਲੋਕ ਸ਼ਰਾਬ ਪੀਂਦੇ ਹਨ ਉਹ ਇਸਦਾ ਸੇਵਨ 60 ਮਿਲੀਲੀਟਰ ਪ੍ਰਤੀ ਦਿਨ ਤੋਂ ਜ਼ਿਆਦਾ ਨਾ ਕਰਨ। ਉਹ ਵੀ ਤਾਂ ਜੇ ਉਸ ਦਿਨ ਤੁਸੀਂ ਘੱਟੋ-ਘੱਟ ਕੁੱਝ ਕਿਲੋਮੀਟਰ ਪੈਦਲ ਚੱਲੇ ਹੋ।
- ਪੈਦਲ ਚੱਲੋ ਜ਼ਰੂਰ ਪਰ ਇਹ ਵੀ ਧਿਆਨ 'ਚ ਰੱਖੋ ਕਿ ਠੰਢ ਤੋਂ ਬਚਣਾ ਹੈ ਅਤੇ ਖ਼ੁਦ ਨੂੰ ਗਰਮ ਰੱਖਣਾ ਹੈ।
- ਘੱਟ ਖਾਓ ਨਾਰਮਲ ਰਹੋ। ਫ਼ੈਟ ਅਤੇ ਕਾਰਬੋਹਾਈਡ੍ਰੇਟ ਦੀ ਮਾਤਰਾ ਘਟਾ ਦਿਓ ਪਰ ਬਿਲਕੁਲ ਵੀ ਭੁੱਖੇ ਨਾ ਰਹੋ।
- ਖ਼ੁਸ਼ ਰਹੋ, ਤਣਾਅ ਅਤੇ ਗੁੱਸੇ ਤੋਂ ਬਚੋ, ਵਧੇਰੇ ਸਹਿਨਸ਼ੀਲਤਾ ਰੱਖੋ। ਖ਼ੁਸ਼ ਰਹਿਣ ਨਾਲ ਤੁਹਾਡੀ ਤੰਦਰੁਸਤੀ ਵਧਦੀ ਹੈ।
- ਜੇ ਅਚਾਨਕ ਛਾਤੀ 'ਚ ਤੇਜ਼ ਦਰਦ ਹੋਣ ਲੱਗੇ ਤਾਂ ਇਸ ਨੂੰ ਅਣਗੌਲਿਆ ਨਾ ਕਰੋ।

ਫੇਫੜਿਆਂ ਦੀ ਦੁਸ਼ਮਣ ਟੀਬੀ

ਸੰਸਾਰ ਭਰ 'ਚ 24 ਮਾਰਚ ਨੂੰ ਵਿਸ਼ਵ ਟੀ.ਬੀ ਦਿਵਸ ਮਨਾਇਆ ਜਾਂਦਾ ਹੈ। ਇਕ ਖੋਜ ਦੇ ਅਨੁਸਾਰ ਹਰ ਸਾਲ 25 ਲੱਖ ਲੋਕ ਟੀ.ਬੀ ਦਾ ਸ਼ਿਕਾਰ ਹੁੰਦੇ ਹਨ ਤੇ ਇਨ੍ਹਾਂ 'ਚੋਂ 17 ਲੱਖ ਕੇਸ ਹੀ ਸਾਹਮਣੇ ਆਉਂਦੇ ਹਨ। ਟੀ. ਬੀ ਇਕ ਛੂਤ ਦੀ ਬਿਮਾਰੀ ਹੈ ਜੋ ਕਿ ਮਾਇਕਰੋਬੈਕਟੀਰੀਅਮ ਟਿਊਬਰਕੁਲੋਸਿਸ ਨਾਮਕ ਬੈਕਟੀਰੀਆ ਦੀ ਵਜ੍ਹਾ ਕਰ ਕੇ ਹੁੰਦੀ ਹੈ। ਜ਼ਿਆਦਾਤਰ ਇਹ ਬੈਕਟੀਰੀਆ ਫੇਫੜਿਆਂ 'ਚ ਪਾਇਆ ਜਾਂਦਾ ਹੈ ਪ੍ਰੰਤੂ ਇਸਦੇ ਇਲਾਵਾ ਦਿਮਾਗ਼, ਹੱਡੀਆਂ, ਗੁਰਦੇ, ਚਮੜੀ ਅਤੇ ਦਿਲ ਵੀ ਟੀਬੀ ਤੋਂ ਗ੍ਰਸਤ ਹੋ ਸਕਦੇ ਹਨ। ਦੁਨੀਆ ਭਰ 'ਚ ਬਿਮਾਰੀਆਂ ਦੇ ਕਾਰਨ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚੋਂ ਟੀ.ਬੀ. ਇਕ ਹੈ। ਸੰਸਾਰ ਭਰ 'ਚ 2016 ਦੇ ਅੰਕੜਿਆਂ ਅਨੁਸਾਰ ਤਕਰੀਬਨ 10.4 ਮਿਲੀਅਨ ਲੋਕ ਟੀ.ਬੀ ਦੇ ਸ਼ਿਕਾਰ ਹੋਏ ਅਤੇ 1.7 ਮਿਲੀਅਨ ਲੋਕਾਂ ਨੂੰ ਹਮਸ਼ਾ ਲਈ ਟੀ.ਬੀ. ਨਾਲ ਜੂਝਣਾ ਪਿਆ। ਐੱਚ. ਆਈ.ਵੀ ਪੌਜ਼ੀਟਿਵ ਲੋਕਾਂ 'ਚ ਟੀ.ਬੀ. ਹੋਣ ਦਾ ਖਤਰਾ 60 ਫ਼ੀਸਦੀ ਜ਼ਿਆਦਾ ਹੈ। ਐੱਚ.ਆਈ.ਵੀ ਪੌਜ਼ੀਟਿਵ ਰੋਗੀਆਂ 'ਚ ਟੀ.ਬੀ. ਮੋਹਰੀ ਕਾਤਲ ਦੀ ਭੂਮਿਕਾ ਅਦਾ ਕਰ ਰਿਹਾ ਹੈ ਅਤੇ ਸਾਲ 2016 ਦੇ ਅੰਕੜਿਆਂ ਅਨੁਸਾਰ 40 ਫ਼ੀਸਦੀ ਐੱਚ. ਆਈ.ਵੀ. ਰੋਗੀਆਂ ਦੀ ਮੌਤ ਟੀ.ਬੀ. ਕਾਰਨ ਹੋਈ। ਦੁਨੀਆ ਭਰ 'ਚ ਸਫ਼ਲ ਇਲਾਜ ਦੁਆਰਾ ਸਾਲ 2000 ਤੋਂ 2016 ਤਕ ਤਕਰੀਬਨ 53 ਮੀਲੀਅਨ ਲੋਕਾਂ ਨੂੰ ਟੀ.ਬੀ ਤੋਂ ਬਚਾਇਆ ਗਿਆ ਹੈ। ਵਿਸ਼ਵ ਸਿਹਤ ਸੰਗਠਨ ਦੀ ਟੀ.ਬੀ ਰਿਪੋਰਟ 2016 'ਚ ਸਾਹਮਣੇ ਆਈ ਹੈ। ਇਸ ਬਿਮਾਰੀ ਕਾਰਨ ਹਰ ਸਾਲ 5 ਲੱਖ ਭਾਰਤੀਆਂ ਦੀ ਮੌਤ ਹੋ ਰਹੀ ਹੈ।

ਲੱਛਣ

ਰੋਗੀਆਂ ਨੂੰ ਖਾਂਸੀ ਆਉਣੀ, ਛਿੱਕ ਮਾਰਨਾ, ਥੁੱਕਣਾ ਅਤੇ ਉਨ੍ਹਾਂ ਦੁਆਰਾ ਛੱਡੀ ਗਈ ਸਾਹ ਦੁਆਰਾ ਹਵਾ 'ਚ ਬੈਕਟੀਰੀਆ ਫੈਲ ਜਾਂਦੇ ਹਨ ਜੋ ਕਿ ਕਈ ਘੰਟੇ ਤਕ ਹਵਾ 'ਚ ਰਹਿੰਦੇ ਹਨ ਜਿਸ ਕਾਰਨ ਇਕ ਸਿਹਤਮੰਦ ਵਿਅਕਤੀ ਆਸਾਨੀ ਨਾਲ ਇਸਦਾ ਸ਼ਿਕਾਰ ਹੋ ਸਕਦਾ ਹੈ। ਤਿੰਨ ਹਫ਼ਤਿਆਂ ਤੋਂ ਜ਼ਿਆਦਾ ਖਾਂਸੀ ਆਉਣੀ, ਲਸੀਕਾ ਗ੍ਰੰਥੀਆਂ ਦਾ ਵੱਧ ਜਾਣਾ, ਬੁਖ਼ਾਰ ਜੋ ਖ਼ਾਸ ਕਰਕੇ ਸ਼ਾਮ ਨੂੰ ਵੱਧਦਾ ਹੈ, ਛਾਤੀ 'ਚ ਤੇਜ਼ ਦਰਦ, ਭਾਰ ਦਾ ਘੱਟਣਾ, ਭੁੱਖ ਨਾ ਲੱਗਣਾ, ਬਲਗਮ 'ਚ ਖ਼ੂਨ ਆਉਣਾ, ਫੇਫੜਿਆਂ ਦੀ ਇਨਫੈਕਸ਼ਨ , ਸਾਹ ਲੈਣ 'ਚ ਤਕਲੀਫ਼ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਦੇ ਦੌਰ 'ਚ ਟੀ. ਬੀ ਦਾ ਇਲਾਜ ਸੰਭਵ ਹੈ ਅਤੇ ਦੇਸ਼ ਭਰ 'ਚ ਡੌਟਸ (ਡਾਇਰੈਕਟਲੀ ਓਬਜ਼ਰਵਡ ਟ੍ਰੀਟਮੈਂਟ ਸ਼ੌਰਟ ਕੋਰਸ) ਕੇਦਰਾਂ 'ਚ ਟੀ. ਬੀ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਮਰੀਜ਼ ਨੂੰ ਆਪਣਾ ਕੋਰਸ ਪੂਰਾ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਬਿਮਾਰੀ ਤੋਂ ਛੁਟਕਾਰਾ ਪਾ ਕੇ ਅੱਗੇ ਵੱਧ ਸਕਦੇ ਹਾਂ।

ਬਵਾਸੀਰ ਦੇ ਲੱਛਣ

ਇਹ ਬਹੁਤ ਹੀ ਭਿਆਨਕ ਬਿਮਾਰੀ ਹੈ। ਇਸ ਰੋਗ 'ਚ ਗੁਦਾ ਦੇ ਕੋਲ ਮੋਕੇ ਨਿਕਲ ਆਉਂਦੇ ਹਨ। ਜਿਸ 'ਚੋਂ ਖ਼ੂਨ ਨਿਕਲਣਾ, ਖ਼ਾਰਿਸ਼ ਤੇ ਤੇਜ਼ ਦਰਦ ਦੀ ਸ਼ੁਰੂਆਤ ਹੁੰਦੀ ਹੈ। ਜ਼ਿਆਦਾ ਖ਼ੂਨ ਆਉਣ ਕਾਰਨ ਰੋਗੀ ਦੇ ਸਰੀਰ 'ਚ ਕਮਜ਼ੋਰੀ ਆ ਜਾਂਦੀ ਹੈ। ਇਕ ਖੋਜ ਦੇ ਅਨੁਸਾਰ ਭਾਰਤੀ 40 ਫ਼ੀਸਦੀ ਸ਼ਿਕਾਰ ਹੁੰਦੇ ਹਨ। ਕਈ ਮਾਮਲਿਆਂ 'ਚ ਬਵਾਸੀਰ ਦਾ ਇਲਾਜ ਦਵਾਈ ਨਾਲ ਜਾਂ ਆਪਣੇ ਖਾਣ ਪੀਣ ਦੇ ਤਰੀਕੇ 'ਚ ਸੁਧਾਰ ਲਿਆਉਣ ਨਾਲ ਵੀ ਠੀਕ ਹੋ ਜਾਂਦੀ ਹੈ। ਇਹ ਵੀ ਅਨੁਮਾਨ ਲਗਾਇਆ ਗਿਆ ਹੈ ਕਿ ਕੇਵਲ 10ਫ਼ੀਸਦੀ ਮਾਮਲਿਆਂ 'ਚ ਬਵਾਸੀਰ 'ਚ ਸਰਜਰੀ ਕੀਤੀ ਜਾਂਦੀ ਹੈ। ਬਵਾਸੀਰ ਨੂੰ ਹੈਮੋਰਾਇਡਿਡ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਸ 'ਚ ਗੁਦਾ ਦੇ ਕੋਲ ਖ਼ੂਨ ਵਾਲੀਆਂ ਨਾੜੀਆਂ ਫੁੱਲ ਜਾਂਦੀਆਂ ਹਨ। ਬਵਾਸੀਰ ਦੀਆਂ ਨਾੜੀਆਂ ਗੁਦਾ ਦੇ ਸਭ ਤੋਂ ਨਿੱਚੇ ਵਾਲੇ ਹਿੱਸੇ 'ਚ ਸਥਿਤ ਹੈ। ਕਈ ਵਾਰ ਇਹ ਨਸਾਂ ਫੁਲ ਜਾਂਦੀਆਂ ਹਨ ਤੇ ਪਤਲੀਆਂ ਹੋ ਜਾਂਦੀਆਂ ਹਨ। ਜਿਸ ਕਰਕੇ ਤੁਹਾਨੂੰ ਮਲ ਜਾਂ ਪਿਸ਼ਾਬ ਕਰਨ 'ਚ ਬਹੁਤ ਜ਼ਿਆਦਾ ਪਰੇਸ਼ਾਨੀ ਤੇ ਦਰਦ ਵੀ ਹੋ ਸਕਦੀ ਹੈ।

ਇਸ ਤਰ੍ਹਾਂ ਦੀ ਬਿਮਾਰੀ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ ਲੱਛਣ ਦਿਖਾਈ ਦੇਣ 'ਤੇ ਜਲਦ ਡਾਕਟਰ ਦੀ ਸਲਾਹ ਲਓ...

ਦੋ ਪ੍ਰਕਾਰ ਦੀ ਬਵਾਸੀਰ

- ਅੰਦਰੂਨੀ ਬਵਾਸੀਰ
- ਬਾਹਰੀ ਬਵਾਸੀਰ

ਅੰਦਰੂਨੀ ਬਵਾਸੀਰ 'ਚ ਮੋਕੇ ਗੁਦਾ ਦੇ ਅੰਦਰ ਵੱਲ ਨੂੰ ਹੁੰਦੇ ਹਨ ਤੇ ਮਲ ਕਰਨ ਵੇਲੇ ਇਨ੍ਹਾਂ ਮੋਕਿਆਂ 'ਚ ਤੇਜ਼ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਕਰਕੇ ਖ਼ੂਨ ਵੀ ਆਉਣ ਲੱਗ ਜਾਂਦਾ ਹੈ।

- ਇਸ ਰੋਗ ਦੀ ਸ਼ੁਰੂਆਤ 'ਚ ਗੁਦਾ ਦੇ ਕੋਲ ਖ਼ੂਨ ਨਿਕਲਣਾ ਤੇ ਸੋਜ ਪੈਣ ਲੱਗ ਜਾਂਦੀ ਹੈ ਤੇ ਸੋਜ ਮੋਕਿਆਂ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਮਲ ਕਰਦੇ ਸਮੇਂ ਇਹ ਮੋਕੇ ਬਾਹਰ ਵੱਲ ਆ ਜਾਂਦੇ ਹਨ। ਇਸ ਨਾਲ ਖ਼ੂਨ ਵੀ ਆਉਣਾ ਸ਼ੁਰੂ ਹੋ ਜਾਂਦਾ ਹੈ।

ਬਾਹਰੀ ਬਵਾਸੀਰ

ਬਾਹਰੀ ਬਵਾਸੀਰ 'ਚ ਰੋਗੀ ਦੇ ਗੁਦੇ ਦੇ ਬਾਹਰ ਵੱਲ ਮੋਕੇ ਹੋ ਜਾਂਦੇ ਹਨ ਜਿਸ 'ਚ ਖ਼ਾਰਿਸ਼ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਇਸ 'ਚ ਖ਼ਾਰਿਸ਼ ਆਉਂਦੀ ਹੈ ਤਾਂ ਇਸ 'ਚੋਂ ਖ਼ੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ।

ਲੱਛਣ

- ਕਬਜ਼ ਤੇ ਦਸਤ
- ਤਣਾਅ 'ਚ ਰਹਿਣਾ
- ਮੋਟਾਪਾ ਤੇ ਜ਼ਿਆਦਾ ਭਾਰ ਵਧਣਾ
- ਗੁਦਾ ਦੇ ਚਾਰੇ ਪਾਸੇ ਇਕ ਗਠ ਮਹਿਸੂਸ ਹੋਣੀ। ਇਹ ਬਹੁਤ ਹੀ ਦਰਦਨਾਕ ਹੋ ਸਕਦੀ ਹੈ।
- ਮਲ ਕਰਦੇ ਸਮੇਂ ਲਗਾਤਾਰ ਦਰਦ
- ਤੇਜ਼ ਲਾਲ ਖ਼ੂਨ
- ਗੁਦਾ ਦੇ ਆਸ-ਪਾਸ ਖ਼ਾਰਿਸ਼।

ਕਾਰਨ

- ਆਹਾਰ 'ਚ ਫਾਇਬਰ ਦਾ ਘਾਟ
- ਕਬਜ਼
- ਜ਼ਿਆਦਾ ਭਾਰ ਚੁੱਕਣਾ।

ਸਭ ਤੋਂ ਖ਼ਤਰਨਾਕ ਸੱਤ ਰੋਗ

ਦਿਲ ਲਈ ਖ਼ਤਰਨਾਕ ਬਲੱਡ ਪ੍ਰੈਸ਼ਰ

ਡਾ. ਸ਼ਿਆਮ ਸੁੰਦਰ ਦੀਪਤੀ

ਬਲੱਡ ਪ੍ਰੈਸ਼ਰ ਦਿਵਸ 17 ਮਈ ਨੂੰ ਮਨਾਇਆ ਜਾਂਦਾ ਹੈ। ਬਲੱਡ-ਪ੍ਰੈਸ਼ਰ ਦਾ ਵਧਣਾ ਜਾਂ ਘਟਣਾ ਘਰ-ਘਰ ਦੀ ਕਹਾਣੀ ਹੈ। ਭਾਵੇਂ ਕੋਈ ਛੋਟਾ, ਵੱਡਾ ਜਾਂ ਕੋਈ ਬਜ਼ੁਰਗ ਸਭ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ 90 ਫ਼ੀਸਦੀ ਮਰੀਜ਼ਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ। 10 ਫ਼ੀਸਦੀ ਮਰੀਜ਼ਾਂ ਨੂੰ ਇਸ ਬਿਮਾਰੀ ਦੇ ਲੱਛਣ ਮਹਿਸੂਸ ਹੁੰਦੇ ਹਨ। ਸ਼ਾਇਦ ਇਸ ਕਰਕੇ ਡਾਕਟਰੀ ਸ਼ਬਦਾਵਲੀ 'ਚ ਇਸ ਨੂੰ ਚੁੱਪ ਚਪੀਤੇ ਸਰੀਰ 'ਚ ਦਾਖਲ ਹੋਣ ਵਾਲਾ ਰੋਗ ਕਿਹਾ ਜਾਂਦਾ ਹੈ। ਅਸੀਂ ਇਸ ਗੱਲ ਤੋਂ ਅਣਜਾਣ ਹਾਂ ਕਿ ਵੱਧ ਬਲੱਡ-ਪ੍ਰੈਸ਼ਰ ਕਈ ਰੋਗਾਂ ਲਈ ਰਾਹ ਪੱਧਰਾ ਕਰਦਾ ਹੈ। 35 ਸਾਲ ਦੀ ਉਮਰ ਤੋਂ ਬਾਅਦ ਇਸ ਦੀ ਜਾਂਚ ਪੜਤਾਲ ਜ਼ਰੂਰੀ ਹੈ। ਦਰਅਸਲ ਇਹ ਬਿਮਾਰੀ ਵੱਡੀ ਉਮਰ ਦੇ ਲੋਕਾਂ ਦੀ ਹੈ ਪਰ ਕੁਝ ਜਮਾਂਦਰੂ ਗੜਬੜੀਆਂ ਕਰ ਕੇ ਬੱਚੇ ਵੀ ਇਸ ਰੋਗ ਦੀ ਲਪੇਟ 'ਚ ਆ ਸਕਦੇ ਹਨ ਪਰ ਇਸ ਦੇ ਉਲਟ ਘੱਟ ਬਲੱਡ ਪ੍ਰੈਸ਼ਰ ਸਿਹਤ ਲਈ ਵਰਦਾਨ ਹੈ। ਉਹ ਮਰੀਜ਼ ਆਪਣੇ-ਆਪ ਨੂੰ ਖ਼ੁਸ਼ਨਸੀਬ ਸਮਝਣ ਜਿਨ੍ਹਾਂ ਦਾ ਖ਼ੂਨ ਦਾ ਦਬਾਅ ਉਪਰ ਵਾਲਾ 100 ਤੇ ਹੇਠਲਾ 80 ਹੁੰਦਾ ਹੈ। ਇਨ੍ਹਾਂ ਦੋਵਾਂ ਕਿਰਿਆਵਾਂ ਦਾ ਸੰਤੁਲਨ ਬਣਾ ਕੇ ਰੱਖਣ ਵਾਲੇ ਮਰੀਜ਼ ਆਪ ਸ਼ਾਂਤ ਰਹਿੰਦੇ ਹੋਏ ਸਮਾਜ 'ਚ ਖ਼ੁਸ਼ੀਆਂ ਵੰਡਦੇ ਹਨ। ਘੱਟੇ ਹੋਏ ਬਲੱਡ-ਪ੍ਰੈਸ਼ਰ ਦਾ ਇਹ ਵੀ ਮਤਲਬ ਨਹੀਂ ਕਿ ਇਸ ਨੂੰ ਪੂਰਾ ਕਰਨ ਲਈ ਲੂਣ ਦੇ ਫੱਕੇ ਮਾਰੇ ਜਾਣ ਕਿਉਂਕਿ ਜ਼ਿਆਦਾ ਲੂਣ ਦੀ ਵਰਤੋਂ ਨਾਲ ਸਰੀਰ 'ਚ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਵਧਦੇ ਖ਼ੂਨ ਦਾ ਦਬਾਅ ਗੁੱਸੇ ਤੇ ਚਿੜਚਿੜੇ ਸੁਭਾਅ ਦਾ ਪ੍ਰਤੀਕ ਹੈ। ਇਹ ਗੱਲ ਵੀ ਪੱਕੀ ਹੈ ਕਿ ਘੱਟ ਹੋਏ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਡਾਕਟਰਾਂ ਦੇ ਬਹੁਤੇ ਚੱਕਰ ਲਗਾਉਣ ਦੀ ਲੋੜ ਨਹੀਂ ਹੈ ਪਰ ਅਟਰਜਿਸਟਰਡ ਡਾਕਟਰਾਂ ਵੱਲੋਂ ਘਟੇ ਹੋਏ ਬਲੱਡ-ਪ੍ਰੈਸ਼ਰ ਨੂੰ ਗੋਲੀਆਂ, ਟੀਕਿਆਂ ਤੇ ਗਲੂਕੋਜ਼ ਦੀਆਂ ਬੋਤਲਾਂ ਨਾਲ ਪੂਰਾ ਕਰਨਾ ਵੀ ਮਾੜਾ ਰੁਝਾਨ ਹੈ। ਜਿੱਥੇ ਘੱਟ ਬਲੱਡ ਪ੍ਰੈਸ਼ਰ ਖਾਣ-ਪੀਣ ਦੀ ਮੌਜ ਲਗਾਉਂਦਾ ਹੈ ਪਰ ਉਥੇ ਵੱਧ ਬਲੱਡ ਪ੍ਰੈਸ਼ਰ ਖਾਣ-ਪੀਣ 'ਤੇ ਕਈ ਪਾਬੰਦੀਆਂ ਲਗਾ ਦਿੰਦਾ ਹੈ। ਜਿਵੇਂ ਕਿ ਨਮਕ, ਅਚਾਰ, ਪਾਪੜ, ਸਨੈਕਸ, ਸ਼ਰਾਬ, ਸਿਗਰੇਟ, ਤਲ਼ੀਆਂ ਚੀਜ਼ਾਂ ਕਾਫ਼ੀ ਚਿਕਨਾਈ ਵਾਲੇ ਭੋਜਨ ਤੇ ਨਸ਼ੇ ਤੋਂ ਬਚਣ ਦਾ ਸੰਕੇਤ ਦਿੰਦਾ ਹੈ। ਜੇ ਅਸੀਂ ਇਸ ਦੇ ਲੱਛਣਾਂ ਨੂੰ ਅਣਗੌਲਿਆ ਕਰਦੇ ਹਾਂ ਤਾਂ ਦਿਲ ਦਾ ਦੌਰਾ, ਅਧਰੰਗ ਤੇ ਗੁਰਦੇ ਫੇਲ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਸ ਬਿਮਾਰੀ ਦੇ ਸੰਬੰਧ 'ਚ ਸਭ ਤੋ ਫ਼ਾਇਦੇ ਵਾਲੀ ਗੱਲ ਇਹ ਹੈ ਕਿ ਇਹ ਚੁੱਪ ਚਪੀਤੇ ਲੱਗਣ ਵਾਲੀ ਬਿਮਾਰੀ ਨੂੰ ਆਸਾਨੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਦਾ ਇਲਾਜ ਵੀ ਬਹੁਤਾ ਮਹਿੰਗਾ ਨਹੀਂ ਜਿਸ ਨਾਲ ਮਰੀਜ਼ ਦੀ ਜੇਬ 'ਤੇ ਭਾਰ ਪਵੇ। ਇਕ ਅਸਾਨ ਜਿਹੀ ਜਾਂਚ ਤੇ 40 ਪੈਸੇ ਦੀ ਇਕ ਗੋਲੀ ਨਾਲ ਤੁਸੀਂ ਲੰਬੀ ਉਮਰ ਜਿਉਣ ਦੇ ਕਾਬਲ ਬਣ ਸਕਦੇ ਹੋ। ਕਈ ਮਰੀਜ਼ ਇਹ ਗ਼ਲਤੀ ਕਰਦੇ ਹਨ ਕਿ ਇਹ ਬਿਮਾਰੀ ਕੰਟਰੋਲ ਹੋਣ 'ਤੇ ਉਹ ਦਵਾਈ ਛੱਡ ਦਿੰਦੇ ਹਨ ਉਹ ਇਹ ਨਹੀਂ ਸਮਝਦੇ ਕਿ ਇਹ ਉਮਰ ਭਰ ਦਾ ਰੋਗ ਹੈ ਜਿਸ ਦਾ ਕੋਈ ਪੱਕਾ ਇਲਾਜ ਨਹੀਂ ਹੈ। ਜੇ ਮਰੀਜ਼ਾਂ ਨੂੰ ਆਪਣੇ ਚਸ਼ਮੇ ਦਾ ਨੰਬਰ ਪਤਾ ਹੈ ਤਾਂ ਇਹ ਵੀ ਪਤਾ ਰੱਖਣ ਦੀ ਲੋੜ ਹੈ ਕਿ ਤੁਹਾਡਾ ਨਾਰਮਲ ਬਲੱਡ ਪ੍ਰੈਸ਼ਰ ਕਿੰਨਾ ਹੋਣਾ ਚਾਹੀਦਾ ਹੈ। ਬਲੱਡ-ਪ੍ਰੈਸ਼ਰ ਦੀ ਗਿਣਤੀ ਮਿਣਤੀ ਸਿੱਖਣ ਤੋਂ ਪਹਿਲਾਂ ਕਿਉਂ ਨਾ ਇਹ ਜਾਣ ਲਿਆ ਜਾਵੇ ਕਿ ਕਿੰਨਾ ਕਾਰਨਾਂ ਕਰ ਕੇ ਇਹ ਰੋਗ ਵਧਦਾ ਹੈ ਕਿਉਂਕਿ ਹਾਈ ਬਲੱਡ-ਪ੍ਰੈਸ਼ਰ ਨੂੰ ਕੰਟਰੋਲ 'ਚ ਲਿਆਉਣ ਤੋਂ ਪਹਿਲਾਂ ਇਸ ਦਾ ਮੂਲ ਕਾਰਨ ਲੱਭਣਾ ਵੀ ਜ਼ਰੂਰੀ ਹੈ।

ਕਾਰਨ

- ਦਿਲ ਦੇ ਜਮਾਂਦਰੂ ਰੋਗ ਤੇ ਸ਼ੂਗਰ ਦਾ ਹੋਣਾ।
- ਗੁਰਦੇ ਦੀਆਂ ਬਿਮਾਰੀਆਂ
- ਖਾਣ-ਪੀਣ 'ਚ ਗੜਬੜੀ
- ਗਰਮੀਆਂ ਨਾਲੋਂ ਸਰਦੀਆਂ 'ਚ ਬਲੱਡ-ਪ੍ਰੈਸ਼ਰ ਵਧਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਇਹ ਰੋਗ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦਾ ਹੈ।
- ਤਲ਼ੀਆਂ ਚੀਜ਼ਾਂ ਬਲੱਡ ਪ੍ਰੈਸ਼ਰ ਰੋਗ ਪੈਦਾ ਕਰਦੀਆਂ ਹਨ।
- ਖ਼ੂਨ 'ਚ ਮਾੜੀ ਚਰਬੀ ਦਾ ਵਧਣਾ ਤੇ ਖ਼ੂਨ ਦਾ ਗਾੜਾ ਹੋਣਾ।
- ਮੋਟਾਪਾ ਤੇ ਜ਼ਿਆਦਾ ਦਵਾਈਆਂ ਦੀ ਵਰਤੋਂ।
- ਜ਼ਿਆਦਾ ਨਮਕ ਦੀ ਵਰਤੋਂ ਤੇ ਪਸੀਨਾ ਨਾ ਆਉਣਾ ਬਲੱਡ-ਪ੍ਰੈਸ਼ਰ ਵਧਾਉਂਦਾ ਹੈ।
- ਨਸ਼ੇ ਦੀ ਵਰਤੋਂ ਜਿਵੇਂ ਕਿ ਤੰਬਾਕੂਨੋਸ਼ੀ, ਸ਼ਰਾ

ਅਜੀਤ ਡੋਭਾਲ ਨੂੰ ਮਿਲਿਆ ਐਕਸਟੈਂਸ਼ਨ, ਬਣੇ ਰਹਿਣਗੇ ਰਾਸ਼ਟਰੀ ਸੁਰੱਖਿਆ ਸਲਾਹਕਾਰ

ਨਵੀਂ ਦਿੱਲੀ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਜੀਤ ਡੋਭਾਲ ਰਾਸ਼ਟਰੀ ਸੁਰੱਖਿਆ ਸਲਾਹਕਾਰ (NSA) ਬਣੇ ਰਹਿਣਗੇ। ਇਹ ਉਨ੍ਹਾਂ ਦਾ ਤੀਜਾ ਕਾਰਜਕਾਲ ਹੋਵੇਗਾ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 2014 ਵਿੱਚ ਅਜੀਤ ਡੋਵਾਲ ਨੂੰ ਰਾਸ਼ਟਰੀ ਸੁਰੱਖਿਆ ਸਲਾਹਕਾਰ ਬਣਾਇਆ ਗਿਆ ਸੀ। ਇਸ ਤੋਂ ਬਾਅਦ 2019 ਵਿੱਚ ਵੀ ਉਨ੍ਹਾਂ ਦਾ ਕਾਰਜਕਾਲ ਬਰਕਰਾਰ ਰਿਹਾ। ਜੰਮੂ-ਕਸ਼ਮੀਰ 'ਚ ਧਾਰਾ 370 ਨੂੰ ਹਟਾਉਣ 'ਚ ਅਜੀਤ ਡੋਭਾਲ ਦੀ ਵੱਡੀ ਭੂਮਿਕਾ ਰਹੀ ਹੈ। ਇਸ ਤੋਂ ਇਲਾਵਾ ਪੀਕੇ ਮਿਸ਼ਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਮੁੱਖ ਸਕੱਤਰ ਬਣੇ ਰਹਿਣਗੇ। ਤੁਹਾਨੂੰ ਦੱਸ ਦੇਈਏ ਕਿ ਨਰਿੰਦਰ ਮੋਦੀ ਨੇ ਐਤਵਾਰ ਯਾਨੀ 09 ਜੂਨ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਹੈ। ਪ੍ਰਧਾਨ ਮੰਤਰੀ ਦੇ ਨਾਲ-ਨਾਲ 30 ਕੈਬਨਿਟ ਮੰਤਰੀਆਂ, 5 ਸੁਤੰਤਰ ਚਾਰਜ ਵਾਲੇ ਰਾਜ ਮੰਤਰੀ ਅਤੇ 36 ਰਾਜ ਮੰਤਰੀਆਂ ਨੇ ਵੀ ਸਹੁੰ ਚੁੱਕੀ ਹੈ।

ਕੇਂਦਰੀ ਸਿੱਖਿਆ ਮੰਤਰੀ ਨੇ ਐੱਨਟੀਏ ਨੂੰ ਕਲੀਨ ਚਿੱਟ ਦਿੱਤੀ

ਨਵੀਂ ਦਿੱਲੀ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਕਿਹਾ ਕਿ ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਬੇਬੁਨਿਆਦ ਹਨ, ਇਹ ਭਰੋਸੇਯੋਗ ਸੰਸਥਾ ਹੈ। ਇਸ ਦੇ ਨਾਲ ਮੰਤਰੀ ਨੇ ਦਾਅਵਾ ਕੀਤਾ ਕਿ ਨੀਟ-ਗ੍ਰੈਜੂਏਟ ਪ੍ਰੀਖਿਆ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ।

ਉਨ੍ਹਾਂ ਕਿਹਾ ਕਿਸੇ ਵੀ ਵਿਦਿਆਰਥੀ ਦਾ ਕੋਈ ਨੁਕਸਾਨ ਨਹੀਂ ਹੋਵੇਗਾ।

ਸਸਤਾ ਹੋਵੇਗਾ ਹਵਾਈ ਸਫਰ ! ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਇਡੂ

ਨਵੀਂ ਦਿੱਲੀ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮ ਮੋਹਨ ਨਾਇਡੂ ਆਪਣਾ ਅਹੁਦਾ ਸੰਭਾਲਦੇ ਹੀ ਐਕਸ਼ਨ ਵਿਚ ਨਜ਼ਰ ਆਏ। ਉਨ੍ਹਾਂ ਨੇ ਵੀਰਵਾਰ ਨੂੰ ਹਵਾਈ ਟਿਕਟ ਦੀਆਂ ਕੀਮਤਾਂ ਵਿਚ ਲਗਾਤਾਰ ਵਾਧੇ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਟਿਕਟਾਂ ਦੀਆਂ ਕੀਮਤਾਂ ਨੂੰ ਸਸਤੇ ਬਣਾਉਣਾ ਮੇਰੀ ਤਰਜੀਹ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਇੱਕ ਯਾਤਰੀ ਵਜੋਂ ਆਪਣਾ ਨਿੱਜੀ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਸਰਕਾਰ ਇਸ ਮੁੱਦੇ ਨੂੰ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੇਰਾ ਪੂਰਾ ਇਰਾਦਾ ਇਸ ਨੂੰ ਯਕੀਨੀ ਬਣਾਉਣ ਦਾ ਹੈ ਕਿ ਆਮ ਆਦਮੀ ਲਈ ਹਵਾਈ ਯਾਤਰਾ ਸਸਤੀ ਅਤੇ ਅਰਾਮਦਾਇਕ ਹੋਵੇ। ਉਨ੍ਹਾਂ ਨੇ ਕਿਹਾ ਕਿ ਮੇਰੀ ਪਹਿਲ ਕੀਮਤਾਂ ਨੂੰ ਘੱਟ ਕਰਨ ਦੀ ਹੋਵੇਗੀ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦਾ ਚਾਰਜ ਸੰਭਾਲਣ ਵਾਲੇ ਨਾਇਡੂ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਫੋਕਸ ਹਵਾਈ ਯਾਤਰਾ ਨੂੰ ਆਮ ਆਦਮੀ ਲਈ ਵਧੇਰੇ ਪਹੁੰਚਯੋਗ ਅਤੇ ਆਰਾਮਦਾਇਕ ਬਣਾਉਣ 'ਤੇ ਹੋਵੇਗਾ। ਉਨ੍ਹਾਂ ਕਿਹਾ ਕਿ ਕੋਵਿਡ ਦੇ ਦਿਨਾਂ ਤੋਂ ਹਵਾਈ ਕਿਰਾਏ ਦੀਆਂ ਕੀਮਤਾਂ ਵਿੱਚ ਬਹੁਤ ਉਤਰਾਅ-ਚੜ੍ਹਾਅ ਆਇਆ ਹੈ। ਇੱਕ ਯਾਤਰੀ ਹੋਣ ਦੇ ਨਾਤੇ, ਮੈਂ ਇਹਨਾਂ ਵਾਧੇ ਨੂੰ ਖੁਦ ਦੇਖਿਆ ਹੈ। ਅਸੀਂ ਇਸ ਦੀ ਸਮੀਖਿਆ ਕਰਨ ਜਾ ਰਹੇ ਹਾਂ।

ਪੰਜਾਬ ਦੀਆਂ ਧੀਆਂ ਨੇ ਵਧਾਇਆ ਮਾਣ, ਤਿੰਨ ਲੜਕੀਆਂ ਦੀ ਇੰਡੀਅਨ ਏਅਰ ਫੋਰਸ ਅਕੈਡਮੀ ਵਿੱਚ ਹੋਈ ਚੋਣ

ਮਾਈ ਭਾਗੋ ਪ੍ਰੈਪਰੇਟਰੀ ਇੰਸਟੀਚਿਊਟ ਦੀਆਂ ਕੈਡਿਟਾਂ ਦੀ ਇੰਡੀਅਨ ਏਅਰ ਫੋਰਸ ਅਕੈਡਮੀ ਵਿੱਚ ਜੁਲਾਈ ਤੋਂ ਸ਼ੁਰੂ ਹੋਵੇਗੀ ਸਿਖਲਾਈ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀਆਂ ਲੜਕੀਆਂ ਨੂੰ ਸਸ਼ਕਤ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਯਤਨਸ਼ੀਲ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.) ਫਾਰ ਗਰਲਜ਼, ਐਸ.ਏ.ਐਸ ਨਗਰ (ਮੁਹਾਲੀ) ਦੀਆਂ ਤਿੰਨ ਹੋਰ ਮਹਿਲਾ ਕੈਡਿਟਾਂ ਨੂੰ ਵੱਕਾਰੀ ਇੰਡੀਅਨ ਏਅਰ ਫੋਰਸ ਅਕੈਡਮੀ, ਡੁੰਡੀਗਲ ਵਿਖੇ ਪ੍ਰੀ-ਕਮਿਸ਼ਨ ਸਿਖਲਾਈ ਲਈ ਚੁਣਿਆ ਗਿਆ ਹੈ। ਉਨ੍ਹਾਂ ਦੀ ਸਿਖਲਾਈ ਜੁਲਾਈ 2024 ਤੋਂ ਸ਼ੁਰੂ ਹੋਵੇਗੀ।

ਪਠਾਨਕੋਟ ਦੀ ਰਹਿਣ ਵਾਲੀ ਮਹਿਲਾ ਕੈਡਿਟ ਹਰਨੂਰ ਸਿੰਘ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵਿਕਰਮ ਸਿੰਘ ਬੈਂਸ ਦੀ ਧੀ ਹੈ ਜਦੋਂਕਿ ਕੈਡਿਟ ਕ੍ਰਿਤੀ ਐਸ ਬਿਸ਼ਟ ਪੀ.ਏ.ਸੀ.ਐਲ., ਨੰਗਲ ਦੇ ਸੀਨੀਅਰ ਇੰਜੀਨੀਅਰ ਸ਼ਕਤੀ ਸ਼ਰਨ ਸਿੰਘ ਦੀ ਧੀ ਹੈ। ਜਲੰਧਰ ਦੀ ਰਹਿਣ ਵਾਲੀ ਕੈਡਿਟ ਅਲੀਸ਼ਾ, ਜੋ ਪਹਿਲਾਂ ਹੀ ਇੰਡੀਅਨ ਨੇਵਲ ਅਕੈਡਮੀ ਵਿੱਚ ਸਿਖਲਾਈ ਅਧੀਨ ਹੈ, ਪ੍ਰਾਈਵੇਟ ਸਕੂਲ ਦੇ ਅਧਿਆਪਕ ਸੁਨੀਲ ਦੱਤ ਦੀ ਧੀ ਹੈ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਤਿੰਨਾਂ ਕੈਡਿਟਾਂ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਉਪਲੱਬਧੀ ਲਈ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਬੱਚੀਆਂ ਦੀ ਸਫਲਤਾ ਯਕੀਨੀ ਤੌਰ 'ਤੇ ਪੰਜਾਬ ਦੇ ਛੋਟੇ ਕਸਬਿਆਂ ਅਤੇ ਪਿੰਡਾਂ ਦੀਆਂ ਕੁੜੀਆਂ ਨੂੰ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫਸਰਾਂ ਵਜੋਂ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰੇਗੀ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਰੱਖਿਆ ਸੇਵਾਵਾਂ ਵਿੱਚ ਸ਼ਾਮਲ ਹੋਣ ਦੀਆਂ ਚਾਹਵਾਨ ਸੂਬੇ ਦੀਆਂ ਲੜਕੀਆਂ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਮਾਈ ਭਾਗੋ ਏ.ਐਫ.ਪੀ.ਆਈ. ਵਿਖੇ ਐਨ.ਡੀ.ਏ. ਪ੍ਰੈਪਰੇਟਰੀ ਵਿੰਗ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਇਸ ਦੇ ਦੂਜੇ ਬੈਚ ਨੇ ਅਪ੍ਰੈਲ 2024 ਤੋਂ ਸਿਖਲਾਈ ਸ਼ੁਰੂ ਕਰ ਦਿੱਤੀ ਹੈ।

ਮਾਈ ਭਾਗੋ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ (ਸੇਵਾਮੁਕਤ) ਨੇ ਇਹਨਾਂ ਤਿੰਨ ਕੈਡਿਟਾਂ ਦੇ ਇੰਡੀਅਨ ਏਅਰ ਫੋਰਸ ਅਕੈਡਮੀ ਲਈ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਪ੍ਰਾਪਤੀ ਨਾਲ ਸੂਬੇ ਦੀਆਂ ਹੋਰ ਲੜਕੀਆਂ ਨੂੰ ਵੱਖ-ਵੱਖ ਹਥਿਆਰਬੰਦ ਬਲਾਂ ਦੀ ਪ੍ਰੀ ਕਮਿਸ਼ਨ ਸਿਖਲਾਈ ਅਕੈਡਮੀਆਂ ਵਿੱਚ ਭੇਜਣ ਸਬੰਧੀ ਉਨ੍ਹਾਂ ਦੇ ਯਤਨਾਂ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਨੇ ਇਨ੍ਹਾਂ ਮਹਿਲਾ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਵਿੱਚ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਰਾਜਿੰਦਰਾ ਹਸਪਤਾਲ ਪੁੱਜੇ, ਪਿੰਡ ਉੜਦਨ ਵਾਸੀ ਜ਼ਖ਼ਮੀਆਂ ਦਾ ਹਾਲ-ਚਾਲ ਜਾਣਿਆ, ਤਿੰਨ ਸ਼ਰਧਾਲੂਆਂ ਦੀ ਮੌਤ 'ਤੇ ਦੁੱਖ ਪ੍ਰਗਟਾਇਆ

ਪਟਿਆਲਾ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਬੀਤੇ ਦਿਨੀਂ ਬਨੂੜ ਨੇੜਲੇ ਪਿੰਡ ਉੜਦਨ ਦੇ ਵਸਨੀਕ 3 ਸ਼ਰਧਾਲੂਆਂ ਦੀ ਇੱਕ ਸੜਕ ਹਾਦਸੇ ਵਿੱਚ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਅੱਜ ਇੱਥੇ ਸਰਕਾਰੀ ਰਾਜਿੰਦਰਾ ਹਸਪਤਾਲ ਪੁੱਜ ਕੇ ਇੱਥੇ ਇਲਾਜ ਲਈ ਦਾਖਲ ਜ਼ਖ਼ਮੀ ਸ਼ਰਧਾਲੂਆਂ ਦਾ ਹਾਲ-ਚਾਲ ਜਾਣਿਆ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਇਨ੍ਹਾਂ ਸ਼ਰਧਾਲੂ ਪਿੰਡ ਵਾਸੀਆਂ ਦੇ ਦੁੱਖ 'ਚ ਸ਼ਰੀਕ ਹੈ। ਡਾ. ਬਲਬੀਰ ਸਿੰਘ ਨੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਦਾਖਲ ਪਿੰਡ ਉੜਦਨ ਦੇ ਜ਼ਖ਼ਮੀ ਸ਼ਰਧਾਲੂਆਂ ਦੇ ਬਿਹਤਰ ਇਲਾਜ ਲਈ ਡਾਕਟਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਫ਼ਰਿਸਤੇ ਸਕੀਮ ਤਹਿਤ ਸੜਕ ਹਾਦਸੇ ਦੇ ਪੀੜਤ ਜ਼ਖ਼ਮੀਆਂ ਦਾ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਨੇ ਇਸ ਮੌਕੇ ਪਿੰਡ ਉੜਦਨ ਦੇ ਕੁਝ ਜ਼ਖ਼ਮੀ ਜੋ ਕਿ ਪੀ.ਜੀ.ਆਈ.ਚੰਡੀਗੜ੍ਹ ਤੇ ਨੀਲਮ ਹਸਪਤਾਲ ਰਾਜਪੁਰਾ ਵਿਖੇ ਦਾਖਲ ਹਨ, ਦੇ ਵੀ ਬਿਹਤਰ ਇਲਾਜ ਲਈ ਉਥੋਂ ਦੇ ਡਾਕਟਰਾਂ ਨੂੰ ਵੀ ਮੌਕੇ 'ਤੇ ਫੋਨ ਕਰਕੇ ਗੱਲਬਾਤ ਕੀਤੀ ਤੇ ਬਿਹਤਰ ਇਲਾਜ ਦੀ ਤਾਕੀਦ ਕੀਤੀ। ਇਕ ਮੌਕੇ ਕਰਨਲ ਜੇ.ਵੀ ਸਿੰਘ, ਡਾ. ਗਿਰੀਸ਼ ਸਾਹਨੀ ਅਤੇ ਹੋਰ ਵੀ ਮੌਜੂਦ ਸਨ।

ਜਿਕਰਯੋਗ ਹੈ ਕਿ ਬੀਤੇ ਦਿਨੀਂ ਬਨੂੜ ਨੇੜਲੇ ਪਿੰਡ ਉੜਦਨ ਦੇ ਸ਼ਰਧਾਲੂ ਗੁਰਦੁਆਰਾ ਚਰਨ ਗੰਗਾ ਸਾਹਿਬ ਖੁਰਾਲਗੜ੍ਹ, ਹੁਸ਼ਿਆਰਪੁਰ ਵਿਖੇ ਇੱਕ ਧਾਰਮਿਕ ਸਮਾਗਮ ਤੋਂ ਵਾਪਸ ਪਰਤ ਰਹੇ ਸਨ ਤੇ ਰਸਤੇ ਵਿੱਚ ਇਨ੍ਹਾਂ ਦਾ ਟਰੱਕ ਇੱਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ, ਜਿਸ ਕਰਕੇ ਤਿੰਨ ਪਿੰਡ ਵਾਸੀ ਸ਼ਰਧਾਲੂਆਂ ਦਾ ਦੇਹਾਂਤ ਹੋ ਗਿਆ ਸੀ ਤੇ ਵੱਡੀਂ ਗਿਣਤੀ ਸ਼ਰਧਾਲੂ ਜ਼ਖ਼ਮੀ ਹੋਏ ਸਨ।

ਮੁੱਖ ਮੰਤਰੀ ਵੱਲੋਂ ਕੁਵੈਤ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, 14 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਵੈਤ ਵਿਖੇ ਬਹੁ-ਮੰਜ਼ਿਲਾ ਇਮਾਰਤ ਨੂੰ ਅੱਗ ਲੱਗਣ ਦੀ ਵਾਪਰੀ ਘਟਨਾ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਹਾਦਸੇ ਵਿੱਚ ਕਈ ਭਾਰਤੀਆਂ ਨੂੰ ਆਪਣੀ ਜਾਨ ਗਵਾਉਣੀ ਪਈ। ਇਕ ਸ਼ੋਕ ਸੁਨੇਹੇ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ, ਜਿਸ ਵਿੱਚ ਵੱਡੀ ਗਿਣਤੀ ਭਾਰਤੀਆਂ ਦੀ ਦਮ ਘੁਟਣ ਕਾਰਨ ਮੌਤ ਹੋਈ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਕਾਰਨ ਕਈ ਕੀਮਤੀ ਜਾਨਾਂ ਗਈਆਂ, ਜਦੋਂ ਕਿ ਕਈ ਹੋਰ ਫੱਟੜ ਹੋ ਗਏ। ਭਗਵੰਤ ਸਿੰਘ ਮਾਨ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕਰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਪੀੜਤ ਪਰਿਵਾਰਾਂ ਨਾਲ ਖੜ੍ਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਘਟਨਾ ਬਾਰੇ ਜਾਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਪੀੜਤ ਪਰਿਵਾਰਾਂ ਨੂੰ ਇਹ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਦਾ ਬਲ ਬਖ਼ਸ਼ਣ। ਉਨ੍ਹਾਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਰੇ ਪੰਜਾਬੀ, ਪੀੜਤ ਪਰਿਵਾਰਾਂ ਨਾਲ ਖੜ੍ਹੇ ਹਨ। ਉਨ੍ਹਾਂ ਇਸ ਮੰਦਭਾਗੇ ਹਾਦਸੇ ਦੇ ਜ਼ਖ਼ਮੀਆਂ ਦੇ ਜਲਦੀ ਸਿਹਤਯਾਬ ਹੋਣ ਲਈ ਵੀ ਅਰਦਾਸ ਕੀਤੀ।

'ਕੌਫ਼ੀ ਵਿਦ ਆਫ਼ੀਸਰ' ਪ੍ਰੋਗਰਾਮ 'ਚ ਜੁਆਇੰਟ ਕਮਿਸ਼ਨਰ ਮਨੀਸ਼ਾ ਰਾਣਾ ਨੌਜਵਾਨਾਂ ਦੇ ਹੋਏ ਰੂਬਰੂ

ਪਟਿਆਲਾ, 14 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕਿਆਂ ਸਬੰਧੀ ਜਾਗਰੂਕ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਸਹਿਯੋਗ ਨਾਲ ਸ਼ੁਰੂ ਕੀਤੇ ਗਏ 'ਕੌਫ਼ੀ ਵਿਦ ਆਫ਼ੀਸਰ' ਪ੍ਰੋਗਰਾਮ 'ਚ ਅੱਜ ਨਗਰ ਨਿਗਮ ਪਟਿਆਲਾ ਦੇ ਜੁਆਇੰਟ ਕਮਿਸ਼ਨਰ ਮਨੀਸ਼ਾ ਰਾਣਾ ਆਈ.ਏ.ਐਸ. ਨੌਜਵਾਨਾਂ ਦੇ ਰੂਬਰੂ ਹੋਏ ਤੇ ਉਨ੍ਹਾਂ ਦਾ ਮੁਕਾਬਲੇ ਦੀਆਂ ਪ੍ਰੀਖਿਆਵਾਂ ਤੇ ਰੋਜ਼ਗਾਰ ਦੀ ਚੋਣ ਕਰਨ ਲਈ ਮਾਰਗ ਦਰਸ਼ਨ ਕੀਤਾ।

ਮੈਡਮ ਮਨੀਸ਼ਾ ਰਾਣਾ ਨੇ ਆਪਣੀ ਪੜ੍ਹਾਈ ਤੇ ਆਈ.ਏ.ਐਸ. ਬਣਨ ਦਾ ਸਫ਼ਰ ਅਤੇ ਨਿਜੀ ਤਜਰਬਾ ਸਾਂਝਾ ਕਰਦਿਆਂ ਨੌਜਵਾਨਾਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਕਿਸੇ ਵੀ ਕੰਮ ਵਿੱਚ ਸਫਲਤਾ ਲਈ ਮਿਹਨਤ ਬਹੁਤ ਜ਼ਰੂਰੀ ਹੈ। ਉਨ੍ਹਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੀ ਤਿਆਰੀ ਲਈ ਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਸਫਲਤਾ ਲਈ ਚੰਗੀ ਕਿਤਾਬਾਂ ਪੜ੍ਹਨ ਦੇ ਸੁਝਾਅ ਵੀ ਦਿੱਤੇ।

ਉਨ੍ਹਾਂ ਨੌਜਵਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਆਪਣੇ ਟੀਚੇ ਨਿਰਧਾਰਤ ਕਰਨ ਸਮੇਂ ਆਪਣੀ ਰੁਚੀ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ, ਜੇਕਰ ਅਸੀ ਆਪਣੀ ਰੁਚੀ ਅਨੁਸਾਰ ਕੈਰੀਅਰ ਦੀ ਚੋਣ ਕਰਾਂਗੇ ਤਾਂ ਨਤੀਜੇ ਸਾਰਥਕ ਸਾਹਮਣੇ ਆਉਣਗੇ।

ਸੰਯੁਕਤ ਕਮਿਸ਼ਨਰ ਮਨੀਸ਼ਾ ਰਾਣਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨੌਜਵਾਨਾਂ ਦਾ ਮਾਰਗ ਦਰਸ਼ਨ ਕਰਨ ਲਈ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਸਰਪ੍ਰਸਤੀ ਹੇਠ ਏ.ਡੀ.ਸੀ. (ਪੇਂਡੂ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਦੀ ਅਗਵਾਈ ਵਿੱਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਜਵਾਨਾਂ ਨਾਲ ਹਰ ਮਹੀਨੇ ਜ਼ਿਲ੍ਹਾ ਪ੍ਰ

ਲੁਧਿਆਣਾ 'ਚ ਸਵੇਰੇ-ਸਵੇਰੇ ਹੋਇਆ ਜੋਰਦਾਰ ਧਮਾਕਾ ! ਆਲੇ-ਦੁਆਲੇ ਦੇ ਲੋਕਾਂ ਨੂੰ ਪੈ ਗਈਆਂ ਭਾਜੜਾਂ

ਏਜੰਸੀਆਂ

ਲੁਧਿਆਣਾ 14 ਜੂਨ। ਫੋਕਲ ਪੁਆਇੰਟ ਜੀਵਨ ਨਗਰ ਦੀ ਗਲੀ ਨੰ. 9 ਵਿਖੇ ਇਕ ਬਿਲਡਿੰਗ 'ਚ ਭਿਆਨਕ ਅੱਗ ਲੱਗਣ ਕਾਰਨ ਭਾਰੀ ਨੁਕਸਾਨ ਹੋ ਗਿਆ। ਇਸ ਦੌਰਾਨ ਹੋਏ ਜੋਰਦਾਰ ਧਮਾਕੇ ਕਾਰਨ ਆਲੇ-ਦੁਆਲੇ ਦੇ ਲੋਕ ਦਹਿਲ ਗਏ। ਬਿਲਡਿੰਗ ਦੇ ਮਾਲਕ ਰਮੇਸ ਦਿਵੇਦੀ ਨੇ ਦੱਸਿਆ ਕਿ ਉਨ੍ਹਾਂ ਦਾ ਵੀ. ਆਰ. ਲੋਜਿਸਟਿਕ ਨਾਂ ਨਾਲ ਦਫਤਰ ਹੈ। ਕੁਝ ਜਗ੍ਹਾ ਉਨ੍ਹਾਂ ਨੇ ਰੈਂਟ 'ਤੇ ਦਿੱਤੀ ਹੋਈ ਹੈ। ਬਿਲਡਿੰਗ 'ਚ ਜ਼ਿਆਦਾਤਰ ਕਾਰਪੋਰੇਟ ਦਫਤਰ ਹਨ। ਉਨ੍ਹਾਂ ਨੂੰ ਸਵੇਰੇ 8 ਵਜੇ ਦੇ ਕਰੀਬ ਮਾਰਕੀਟ ਤੋਂ ਫੋਨ ਆਇਆ ਕਿ ਤੁਹਾਡੀ ਬਿਲਡਿੰਗ 'ਚ ਅੱਗ ਲੱਗੀ ਹੋਈ ਹੈ। ਉਨ੍ਹਾਂ ਬਿਨਾਂ ਸਮਾਂ ਗਵਾਇਆਂ ਫਾਇਰ ਬ੍ਰਿਗੇਡ ਨੂੰ ਅੱਗ ਲੱਗਣ ਬਾਰੇ ਸੂਚਿਤ ਕੀਤਾ ਤੇ ਆਪ ਦਫਤਰ ਲਈ ਰਵਾਨਾ ਹੋ ਗਏ। ਜਿਉਂ ਹੀ ਉਹ ਬਿਲਡਿੰਗ ਦੇ ਬਾਹਰ ਪੁੱਜੇ ਤਾਂ ਦੇਖਿਆ ਕਿ ਬਿਲਡਿੰਗ ਅੰਦਰ ਜਬਰਦਸਤ ਅੱਗ ਲੱਗੀ ਹੋਈ ਹੈ ਤੇ ਕਾਲਾ ਧੂੰਆਂ ਨਿਕਲ ਰਿਹਾ ਸੀ। ਇਸ ਦੌਰਾਨ ਮੌਕੇ 'ਤੇ ਪੁੱਜੀ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਨੇ ਕਰੀਬ 2-3 ਘੰਟਿਆਂ ਦੀ ਜੱਦੋ-ਜਹਿਦ ਮਗਰੋਂ ਅੱਗ 'ਤੇ ਕਾਬੂ ਪਾ ਲਿਆ ਗਿਆ। ਰਮੇਸ ਦਿਵੇਦੀ ਨੇ ਕਿਹਾ ਕਿ ਅੱਗ ਲੱਗਣ ਦਾ ਕਾਰਨ ਬਿਜਲੀ ਦਾ ਸਾਰਟ ਸਰਕਟ ਹੋ ਸਕਦਾ ਹੈ। ਅੱਗ ਕਾਰਨ ਬਿਲਡਿੰਗ ਨੂੰ ਕਾਫੀ ਨੁਕਸਾਨ ਪੁੱਜਾ ਹੈ। ਇਸ ਤੋਂ ਇਲਾਵਾ ਦਫਤਰ ਦੇ ਸਾਰੇ ਕੰਪਿਊਟਰ ਸੈੱਟ, ਸੋਲਰ ਸਿਸਟਮ, 25 ਤੋਂ 30 ਏ. ਸੀ., ਖਿੜਕੀਆਂ ਦਰਵਾਜੇ ਸੀਸੇ, ਰਿਕਾਰਡ, ਫਰਨੀਚਰ, ਫਿਟਿੰਗ, ਸਭ ਕੁਝ ਸਵਾਹ ਹੋ ਗਿਆ, ਜਿਸ ਕਾਰਨ ਕਰੋੜਾਂ ਦਾ ਨੁਕਸਾਨ ਹੋਣ ਦਾ ਅੰਦੇਸਾ ਹੈ। ਇਸੇ ਤਰ੍ਹਾਂ ਗਲੋਬਲ ਪੀਸਟ ਕੰਟਰੋਲ ਦੇ ਪ੍ਰਦੀਪ ਕੁਮਾਰ ਨੇ ਕਿਹਾ ਕਿ ਅੱਗ ਕਾਰਨ ਉਨ੍ਹਾਂ ਦੇ ਦਫਤਰ ਦਾ ਰਿਕਾਰਡ, ਕੰਪਿਊਟਰ ਸਿਸਟਮ ਇਨਵਰਟਰ ਆਦਿ ਸੜ ਕੇ ਸਵਾਹ ਹੋਣ ਨਾਲ ਕਾਫੀ ਨੁਕਸਾਨ ਹੋ ਗਿਆ। ਇਸੇ ਤਰ੍ਹਾਂ 1-2 ਹੋਰ ਦਫਤਰਾਂ ਨੂੰ ਵੀ ਨੁਕਸਾਨ ਪੁੱਜਾ ਹੈ।

ਜੋੜੇ ਦੇ ਵਿਦੇਸ਼ ਜਾਣ ਦੇ ਸੁਫਨੇ ਦਾ ਚੁੱਕਿਆ ਫਾਇਦਾ ! ਆਸਟ੍ਰੇਲੀਆ ਭੇਜਣ ਦੇ ਸੁਫਨੇ ਦਿਖਾ ਕੇ ਠੱਗ ਲਏ ਲੱਖਾਂ ਰੁਪਏ

ਲੁਧਿਆਣਾ 14 ਜੂਨ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਇਕ ਔਰਤ ਦੀ ਸ਼ਿਕਾਇਤ 'ਤੇ ਆਸਟ੍ਰੇਲੀਆ ਭੇਜਣ ਦੇ ਨਾਂ 'ਤੇ 27 ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਮੁਖੀ ਜੈਦੀਪ ਜਾਖੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਸੰਦੀਪ ਕੌਰ ਪਤਨੀ ਕੁਲਬੀਰ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਕਲੋਨੀ ਨੇ ਦੱਸਿਆ ਕਿ ਉਸ ਨੇ ਨਿਊ ਜਨਕਪੁਰੀ ਨੇਤਾਜੀ ਨਗਰ ਦੇ ਰਹਿਣ ਵਾਲੇ ਲਵਪ੍ਰੀਤ ਸਿੰਘ ਪੁੱਤਰ ਗੁਰਮੀਤ ਸਿੰਘ ਨੂੰ 27 ਲੱਖ ਰੁਪਏ ਦਿੱਤੇ ਕਿ ਉਹ ਉਸ ਨੂੰ ਤੇ ਉਸ ਦੇ ਪਤੀ ਨੂੰ ਆਸਟ੍ਰੇਲੀਆ ਭੇਜ ਦੇਵੇਗਾ। ਇਸ ਮਗਰੋਂ ਮੁਲਜਮ ਨੇ ਨਾ ਤਾਂ ਉਨ੍ਹਾਂ ਨੂੰ ਆਸਟ੍ਰੇਲੀਆ ਭੇਜਿਆ ਅਤੇ ਨਾ ਹੀ 27 ਲੱਖ ਵਾਪਸ ਦਿੱਤੇ। ਇਸ ਮਗਰੋਂ ਪੁਲਸ ਨੇ ਮੁਲਜਮ ਦੇ ਖ਼ਿਲਾਫ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਾਤਰੂ ਵੰਦਨਾ ਯੋਜਨਾ ਦੇ ਤਹਿਤ ਚਾਲੂ ਵਿੱਤੀ ਵਰ੍ਹੇ ਦੌਰਾਨ 60 ਕਰੋੜ ਰੁਪਏ ਦੇ ਵਿੱਤੀ ਲਾਭ ਦਿੱਤੇ ਜਾਣਗੇ: ਡਾ. ਬਲਜੀਤ ਕੌਰ

ਸਰਦੂਲ ਸਿੰਘ

ਚੰਡੀਗੜ੍ਹ 14 ਜੂਨ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਚਾਲੂ ਵਿੱਤੀ ਸਾਲ ਦੌਰਾਨ 60 ਕਰੋੜ ਰੁਪਏ ਦੇ ਵਿੱਤੀ ਲਾਭ ਦਿੱਤੇ ਜਾਣਗੇ। ਇਸ ਦੀ ਸ਼ੁਰੂਆਤ ਜੂਨ ਮਹੀਨੇ ਵਿੱਚ ਲਗਭਗ 25 ਕਰੋੜ ਰੁਪਏ ਦੇ ਵਿੱਤੀ ਲਾਭ ਔਰਤ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਟਰਾਂਸਫਰ ਕਰਕੇ ਕੀਤੀ ਜਾਵੇਗੀ। ਇਸ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਇੱਥੇ ਕੀਤਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਸੂਬੇ ਵਿੱਚ ਪਿਛਲੇ ਵਿੱਤੀ ਸਾਲ ਦੌਰਾਨ 96044 ਔਰਤ ਲਾਭਪਾਤਰੀਆਂ ਨੂੰ 42 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਰਕਮ ਵਿੱਚੋ ਦੂਜਾ ਬੱਚਾ ਬੇਟੀ ਦੇ ਜਨਮ 'ਤੇ 42,592 ਔਰਤਾਂ ਨੂੰ ਲਗਭਗ 25.55 ਕਰੋੜ ਰੁਪਏ ਦੇ ਵਿੱਤੀ ਲਾਭ ਦਿੱਤੇ ਗਏ। ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ 19 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪਹਿਲੇ ਜੀਵਤ ਬੱਚੇ ਦੇ ਜਨਮ 'ਤੇ 5000 ਰੁਪਏ ਦੋ ਕਿਸਤਾਂ ਵਿੱਚ (ਰੁਪਏ 3000+2000) ਅਤੇ ਦੂਜਾ ਬੱਚਾ ਲੜਕੀ ਪੈਦਾ ਹੋਣ ਤੇ 6000 ਰੁਪਏ ਦਿੱਤੇ ਜਾਂਦੇ ਹਨ। ਇਹ ਰਾਸ਼ੀ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ

ਤਹਿਤ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਵਿਸੇਸ ਸਰਤਾਂ ਦੀ ਪੂਰਤੀ ਦੇ ਅਧੀਨ ਦਿੱਤੀ ਜਾਵੇਗੀ। ਇਸ ਯੋਜਨਾ ਦਾ ਮੁੱਖ ਉਦੇਸ਼ ਔਰਤਾਂ ਨੂੰ ਅੰਸ਼ਕ ਮੁਆਵਜਾ ਪ੍ਰਦਾਨ ਕਰਕੇ ਉਨ੍ਹਾਂ ਦੀ ਸਿਹਤ ਵਿੱਚ ਬੱਚੇ ਦੇ ਜਣੇਪੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਸੁਧਾਰ ਕਰਨਾ ਹੈ। ਇਸ ਨਾਲ ਬੱਚੀਆਂ ਦੇ ਘਟ ਰਹੇ ਜਨਮ ਸਮੇਂ ਲਿੰਗ ਅਨੁਪਾਤ ਵਿਚ ਸੁਧਾਰ ਕਰਨ ਦੇ ਉਦੇਸ਼ ਨੂੰ ਬਲ ਮਿਲੇਗਾ ਅਤੇ ਜਨਮ ਤੋਂ ਪਹਿਲਾਂ ਲਿੰਗ ਚੋਣ ਕੀਤੇ ਜਾਣ ਵਾਲੀ ਪ੍ਰਥਾ ਨੂੰ ਠੱਲ ਪਾਉਣ ਵਿਚ ਸਹਾਇਤਾ ਮਿਲੇਗੀ। ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਦੇ ਸਾਰੇ ਆਂਗਣਵਾੜੀ ਸੈਂਟਰਾਂ ਵਿੱਚ ਆਂਗਣਵਾੜੀ ਵਰਕਰਾਂ ਵੱਲੋਂ ਇਸ ਵਿੱਤੀ ਸਹਾਇਤਾ ਲਈ ਫਾਰਮ ਭਰੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ/ ਡਾਕਖਾਨੇ ਖਾਤਿਆਂ ਵਿੱਚ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਆਧਾਰ ਨਾਲ ਜੋੜਿਆ ਜਾ ਚੁੱਕਾ ਹੈ। ਡਾ. ਬਲਜੀਤ ਕੌਰ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੇ ਯੋਗ ਲਾਭਪਾਤਰੀਆਂ ਦੇ ਫਾਰਮ ਭਰੇ ਜਾਣ ਅਤੇ ਇਨ੍ਹਾਂ ਲਾਭਪਾਤਰੀਆਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾਵੇ। ਇਸ ਤੋਂ ਇਲਾਵਾ ਲਾਭਪਾਤਰੀ ਘਰ ਬੈਠ ਕਿ ਵੀ ਆਨਲਾਈਨ ਪੋਰਟਲ (://../) ਤੇ ਆਪਣੇ ਆਪ ਰਜਿਸਟਰਡ ਕਰਕੇ ਆਪਣੀ ਅਰਜੀ ਜਮ੍ਹਾ ਕਰਵਾ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਵਧੇਰੇ ਜਾਣਕਾਰੀ ਲਈ ਲਾਭਪਾਤਰੀ ਆਪਣੇ ਜ਼ਿਲ੍ਹੇ ਦੇ ਆਂਗਣਵਾੜੀ ਸੈਂਟਰ/ਦਫ਼ਤਰ ਬਾਲ ਵਿਕਾਸ ਪ੍ਰੋਜੈਕਟ ਅਫਸਰ ਅਤੇ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ।

ਵੋਕਸਵੈਗਨ ਇੰਡੀਆ ਨੇ ਵੋਕਸਵੈਗਨ ਐਕਪੀਰੀਐਂਸ ਦੇ ਪਹਿਲੇ 'ਅਧਿਆਏ' ਦੀ ਕੀਤੀ ਸ਼ੁਰੂਆਤ

ਆਟੋ ਡੈਸਕ 14 ਜੂਨ। ਵੋਕਸਵੈਗਨ ਪੈਸੰਜਰ ਕਾਰਸ ਇੰਡੀਆ ਨੇ ਅੱਜ ਬਹੁਤ ਚਿਰਾਂ ਤੋਂ ਉਡੀਕੀ ਜਾ ਰਹੀ 'ਵੋਕਸਵੈਗਨ ਐਕਸਪੀਰੀਐਂਸ' ਨੂੰ ਹਰੀ ਝੰਡੀ ਦਿਖਾਈ, ਜਿਸ ਦਾ ਨਾਮ ਹੈ 'ਪਹਿਲਾ ਅਧਿਆਏ : ਲੱਦਾਖ ਲਈ ਇਕ ਰੋਮਾਂਚਕ ਅਭਿਆਨ' ਜਿਸ ਨੂੰ ਬ੍ਰਾਂਡ ਦੇ ਗਾਹਕਾਂ ਅਤੇ ਪ੍ਰਸੰਸਕਾਂ ਲਈ ਇਕ ਖੁਸਹਾਲ ਭਾਈਚਾਰੇ ਦੁਆਰਾ ਸੰਚਾਲਿਤ ਅਨੁਭਵ ਪ੍ਰਦਾਨ ਕਰਨ ਲਈ ਡਿਜਾਈਨ ਕੀਤਾ ਗਿਆ ਹੈ। ਚੰਡੀਗੜ੍ਹ ਤੋਂ ਸ਼ੁਰੂ ਹੋ ਕੇ ਇਹ ਮੁਹਿੰਮ ਲੱਦਾਖ ਤੱਕ ਲੁਭਾਉਣੇ ਅਤੇ ਖੂਬਸੂਰਤ ਹਿਮਾਲਿਆ ਨੂੰ ਕਵਰ ਕਰਦਾ ਹੈ। ਸੁਰੱਖਿਆ ਨਾਲ ਪ੍ਰੇਰਿਤ, ਗਾਹਕ ਟਿਗੁਆਨ, ਵਰਟਸ ਅਤੇ ਟਾਇਗੁਨ ਚਾਲਾਏਂਗੇ, ਵੋਲਕਸਵੈਗਨ ਦੇ ਆਰਾਮ, ਮਜੇਦਾਰ ਡਰਾਈਵ ਅਤੇ ਅਤੇ ਪ੍ਰੀਮੀਅਮ-ਨੈੱਸ ਦਾ ਅਨੁਭਵ ਕਰਾਂਗੇ। ਵੋਕਸਵੈਗਨ ਪੈਸੰਜਰ ਕਾਰਸ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਆਸੀਸ ਗੁਪਤਾ ਨੇ ਕਿਹਾ, "ਵੋਕਸਵੈਗਨ ਅਨੁਭਵ ਦੇ ਨਾਲ ਅਸੀਂ ਬਹੁਤ ਚਿਰਾਂ ਤੋਂ ਉਡੀਕਿਆ ਜਾ ਰਿਹਾ ਗਾਹਕ ਸਮੂਲੀਅਤ ਪ੍ਰੋਗਰਾਮ ਸੁਰੂ ਕੀਤਾ ਹੈ,

ਜੋ ਵੱਖ-ਵੱਖ ਕਿਊਰੇਟਿਡ ਤਜਰਬਿਆਂ ਰਾਹੀਂ ਇਕਜੁਟਤਾ ਦੀ ਭਾਵਨਾ ਲਿਆਉਂਦਾ ਹੈ। ਚੰਡੀਗੜ੍ਹ ਤੋਂ ਪਹਿਲੇ ਅਧਿਆਏ ਨੂੰ ਹਰੀ ਝੰਡੀ ਦਿਖਾਉਂਦੇ ਹੋਏ ਅਸੀਂ ਗਾਹਕਾਂ ਨੂੰ ਵੋਕਸਵੈਗਨ ਦੇ ਮਾਲਕ ਹੋਣ ਅਤੇ ਉਸ ਨੂੰ ਚਲਾਉਣ ਦਾ ਇਕ ਸ਼ਾਨਦਾਰ ਅਨੁਭਵ ਦੇਣ ਦੀ ਉਮੀਦ ਕਰਦੇ ਹਾਂ।" ਉਨ੍ਹਾਂ ਕਿਹਾ ਕਿ ਪੂਰੇ ਭਾਰਤ ਤੋਂ ਹਿੱਸਾ ਲੈਣ ਵਾਲੇ ਗਾਹਕ ਚੰਡੀਗੜ੍ਹ ਤੋਂ ਲੱਦਾਖ ਤੱਕ 25 ਵੋਕਸਵੈਗਨ ਕਾਰਾਂ ਦੇ ਕਾਫਿਲੇ 'ਚ ਹਿਮਾਲਿਆ ਦੇ ਮੁਸ਼ਕਲ ਅਤੇ ਚੁਣੌਤੀਪੂਰਨ ਇਲਾਕਿਆਂ ਤੋਂ ਗੁਜਰਨਗੇ। ਆਫਬੀਟ, ਦਿਹਾਤੀ ਬਸਤੀਆਂ, ਪ੍ਰਾਚੀਨ ਮਠਾਂ, ਉੱਚੇ ਪਹਾੜੀ ਰਸਤਿਆਂ, ਸੀਟੀ ਵਜਾਉਂਦੀਆਂ ਘਾਟੀਆਂ ਅਤੇ ਉੱਚੀਆਂ ਹਿਮਾਲਿਆ ਚੋਟੀਆਂ ਦੀ ਦੁਨੀਆ 'ਚ ਉਤਰਣਗੇ। ਯਾਤਰਾ ਗਾਹਕਾਂ ਨੂੰ ਮਨਾਲੀ ਤੋਂ ਜਿਸਪਾ ਤੱਕ ਡਰਾਈਵ ਕਰਦੇ ਹੋਏ ਵੱਖ-ਵੱਖ ਦ੍ਰਿਸ਼ਾਂ ਦਾ ਅਨੁਭਵ ਕਰਨ 'ਚ ਸਮਰਥ ਬਣਾਉਂਦੀ ਹੈ। ਲੇਹ 'ਚ ਸਿੰਧੂ ਦੇ ਕਿਨਾਰੇ ਘੁੰਮਣ ਲਈ ਅਸੀਂ ਇਕਜੁਟਤਾ ਦਾ ਜਸ਼ਨ ਮਨਾਵਾਂਗੇ।

ਏ. ਆਈ. ਪਰਮਿਟ ਚੈੱਕ ਕਰਨ ਵਾਲੀ ਟੀਮ ਨੇ ਨਾਜਾਇਜ ਮਾਈਨਿੰਗ ਵਾਲੀ ਥਾਂ 'ਤੇ ਕੀਤੀ ਰੇਡ

ਸੁਲਤਾਨਪੁਰ ਲੋਧੀ 14 ਜੂਨ। ਸੁਲਤਾਨਪੁਰ ਲੋਧੀ ਅਧੀਨ ਪੈਂਦੇ ਮੋਠਾਂਵਾਲੀ ਚੌਂਕੀ ਅਧੀਨ ਪੈਂਦੇ ਪਿੰਡ ਛੰਨਾ ਅਹਿਮਦਗੜ੍ਹ ਵਿਖੇ ਏ. ਆਈ. ਪਰਮਿਟ ਚੈੱਕ ਕਰਨ ਵਾਲੀ ਕਮੇਟੀ ਦੇ ਇੰਚਾਰਜ ਡੀ. ਐੱਸ. ਪੀ. ਮਾਈਨਿੰਗ ਸੁਖਵਿੰਦਰ ਸਿੰਘ, ਐੱਮ. ਓ. ਹਰਜਿੰਦਰ ਸਿੰਘ ਸਮੇਤ ਟੀਮਾਂ ਨੇ ਨਾਜਾਇਜ ਮਾਈਨਿੰਗ ਵਾਲੀ ਥਾਂ 'ਤੇ ਛਾਪੇਮਾਰੀ ਕੀਤੀ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਮਾਈਨਿੰਗ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸੁਲਤਾਨਪੁਰ ਲੋਧੀ ਦੇ ਪਿੰਡ ਛੰਨਾ ਅਹਿਮਦਗੜ੍ਹ 'ਚ ਬਿਨਾਂ ਕਿਸੇ ਡਰ ਤੋਂ ਨਾਜਾਇਜ ਮਾਈਨਿੰਗ ਚੱਲ ਰਹੀ ਹੈ, ਜਿਸ ਕਾਰਨ ਇਲਾਕੇ ਦੇ ਲੋਕਾਂ 'ਚ ਭਾਰੀ ਵਿਰੋਧ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਦੇ ਤੁਰੰਤ ਬਾਅਦ ਐੱਮ. ਓ. ਹਰਜਿੰਦਰ ਸਿੰਘ ਤੋਂ ਇਲਾਵਾ ਉਹ ਟੀਮ ਸਮੇਤ ਪਿੰਡ ਛੰਨਾ ਅਹਿਮਦਗੜ੍ਹ 'ਚ ਨਾਜਾਇਜ ਮਾਈਨਿੰਗ ਵਾਲੀ ਥਾਂ 'ਤੇ ਪੁੱਜੇ ਤੇ ਟੀਮਾਂ ਨੂੰ ਦੇਖ ਕੇ ਨਾਜਾਇਜ ਮਾਈਨਿੰਗ ਕਰਨ ਵਾਲੇ ਪੋਕਲੀਨ ਮਸ਼ੀਨ ਅਤੇ ਰੇਤ ਨਾਲ ਭਰੇ 2 ਟਿੱਪਰ ਅਤੇ 3 ਖਾਲੀ ਟਿੱਪਰ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਡੀ. ਐੱਸ. ਪੀ. ਮਾਈਨਿੰਗ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਬਤ ਕੀਤਾ ਸਾਰਾ ਸਾਮਾਨ ਮੋਠਾਂਵਾਲੀ ਚੌਂਕੀ ਦੇ ਪੁਲਸ ਮੁਲਾਜਮਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ ਤੇ ਫਰਾਰ ਮੁਲਜਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ

ਇਸ ਸੂਬੇ ਦੀ ਸਰਕਾਰ ਵਲੋਂ ਕੁੜੀਆਂ ਨੂੰ ਮਹੀਨਾਵਾਰ ਭੱਤਾ ਦੇਣ ਦਾ ਐਲਾਨ

ਕਿਸ਼ਨ ਪਾਲ

ਗੁਹਾਟੀ 14 ਜੂਨ। ਅਸਾਮ ਦੇ ਮੁੱਖ ਮੰਤਰੀ ਹਿਮੰਤ ਵਿਸਵ ਸਰਮਾ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਾਲ ਵਿਆਹ ਨੂੰ ਰੋਕਣ ਲਈ ਅਗਲੇ ਪੰਜ ਸਾਲਾਂ ਲਈ 11ਵੀਂ ਜਮਾਤ ਤੋਂ ਪੋਸਟ ਗ੍ਰੈਜੂਏਸਨ ਤੱਕ ਪੜ੍ਹ ਰਹੀਆਂ ਸਾਰੀਆਂ ਕੁੜੀਆਂ ਨੂੰ ਮਹੀਨਾਵਾਰ ਭੱਤਾ ਦੇਵੇਗੀ। ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਮਾ ਨੇ ਕਿਹਾ ਕਿ ਕੈਬਨਿਟ ਨੇ 'ਨਿਜੁਤ ਮੋਇਨਾ' ਸਕੀਮ ਨੂੰ ਮਨਜੂਰੀ ਦੇ ਦਿੱਤੀ ਹੈ ਅਤੇ ਅੰਦਾਜਾ ਹੈ ਕਿ ਲਗਭਗ 10 ਲੱਖ ਕੁੜੀਆਂ ਨੂੰ ਪ੍ਰੋਤਸਾਹਨ ਰਾਸ਼ੀ ਪ੍ਰਦਾਨ ਕਰਨ ਲਈ 5 ਸਾਲਾਂ 'ਚ 1500 ਕਰੋੜ ਰੁਪਏ ਦੀ ਲੋੜ ਹੋਵੇਗੀ। ਉਨ੍ਹਾਂ ਕਿਹਾ ਕਿ ਵਿਆਹੀਆਂ ਕੁੜੀਆਂ ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲੇਗਾ। ਮੁੱਖ ਮੰਤਰੀ ਸਰਮਾ ਨੇ ਕਿਹਾ ਕਿ ਇਸ ਯੋਜਨਾ ਦਾ ਇਕੋ-ਇਕ ਉਦੇਸ ਕੁੜੀ ਦੇ ਵਿਆਹ 'ਚ ਜਲਦਬਾਜੀ ਨੂੰ ਰੋਕਣਾ ਹੈ ਤਾਂ ਜੋ ਉਹ ਆਰਥਿਕ ਤੌਰ 'ਤੇ ਆਜਾਦ ਹੋ ਸਕਣ ਅਤੇ ਆਪਣੇ ਤੇ ਆਪਣੇ ਪਰਿਵਾਰ ਲਈ ਕਮਾਈ ਸ਼ੁਰੂ ਕਰ ਸਕਣ। ਸਹਾਇਤਾ ਕਰ ਸਕੇ। ਸਰਮਾ ਨੇ ਕਿਹਾ ਕਿ 11ਵੀਂ ਅਤੇ 12ਵੀਂ ਜਮਾਤ ਵਿਚ ਪੜ੍ਹਦੀਆਂ ਸਾਰੀਆਂ ਵਿਦਿਆਰਥਣਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਮਿਲਣਗੇ ਅਤੇ ਪੋਸਟ ਗ੍ਰੈਜੂਏਸਨ

ਵਿਦਿਆਰਥਣਾਂ ਲਈ 2,500 ਰੁਪਏ ਹੋਣਗੇ। ਉਨ੍ਹਾਂ ਇਹ ਵੀ ਸਾਫ ਕੀਤਾ ਕਿ ਮੰਤਰੀਆਂ, ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀਆਂ ਧੀਆਂ ਅਤੇ ਪ੍ਰਾਈਵੇਟ ਕਾਲਜਾਂ ਵਿਚ ਪੜ੍ਹ ਰਹੀਆਂ ਵਿਦਿਆਰਥਣਾਂ ਨੂੰ ਛੱਡ ਕੇ ਸਾਰੀਆਂ ਕੁੜੀਆਂ ਨੂੰ ਇਸ ਸਕੀਮ 'ਚ ਸਾਮਲ ਕੀਤਾ ਜਾਵੇਗਾ, ਭਾਵੇਂ ਉਨ੍ਹਾਂ ਦੀ ਆਰਥਿਕ ਸਥਿਤੀ ਕੁਝ ਵੀ ਹੋਵੇ। ਜੂਨ ਅਤੇ ਜੁਲਾਈ ਵਿਚ ਗਰਮੀ ਦੀਆਂ ਛੁੱਟੀਆਂ ਦੌਰਾਨ ਕੋਈ ਰਾਸ਼ੀ ਨਹੀਂ ਦਿੱਤੀ ਜਾਵੇਗੀ। ਵਿਦਿਆਰਥਣਾਂ ਦੇ ਬੈਂਕ ਖਾਤਿਆਂ ਵਿਚ